**ANNEXURE**

**TO**

**PUNJAB VIDHAN SABHA**

**DEBATES**

*Wednesday, the 29th November, 2017*

Vol. III- No. 3

OFFICIAL REPORT

CONTENTS


| | Page |
|---|---|
| Unstarred Questions (Converted as such from being Starred Questions) and Answers | (3) 1 |
| Appendix | (i-ii) |


---


Punjab Vidhan Sabha Secretariat, Chandigarh

Price: Rs.________________

**PUNJAB VIDHAN SABHA**

*Wednesday, the 29th November, 2017*

**ANNEXURE**

*This Annexure contains Unstarred Questions (Converted as such from being Starred Questions) and Answers for the meeting dated 29th November, 2017.*

-----

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਸਿੰਜਾਈ ਸਹੂਲਤਾਂ ਦੇਣਾ

***556 (ਸੀ.ਯੂ.). ਸ਼੍ਰੀ ਕੰਵਰ ਸੰਧੂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕਿ ਇਹ ਠੀਕ ਹੈ ਕਿ ਪੰਜਾਬ ਸਰਕਾਰ ਦੁਆਰਾ ਐਸ.ਵਾਈ.ਐਲ. ਪ੍ਰੋਜੈਕਟ ਰੱਦ ਕਰ ਦਿੱਤਾ ਗਿਆ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਰਾਜ ਸਰਕਾਰ ਮੋਹਾਲੀ, ਫਤਹਿਗੜ੍ਹ ਸਾਹਿਬ, ਪਟਿਆਲਾ ਖੇਤਰਾਂ, ਜਿਥੇ ਐਸ.ਵਾਈ.ਐਲ. ਤੋਂ ਸਿੰਚਾਈ ਲਈ ਪਾਣੀ ਮਿਲਣਾ ਸੀ, ਦੀ ਸਿੰਚਾਈ ਲਈ ਦਸ਼ਮੇਸ਼ ਕੈਨਾਲ ਪ੍ਰੋਜੈਕਟ ਨੂੰ ਸਮੇਂ ਬੱਧ ਤਰੀਕੇ ਨਾਲ ਮੁੜ ਸੁਰਜੀਤ ਕਰੇਗੀ;

(ੲ) ਜੇਕਰ ਨਹੀਂ ਤਾਂ ਕੀ ਸਰਕਾਰ ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਸਿੰਚਾਈ ਕਰਨ ਲਈ ਕਿਸੇ ਬਦਲਵੀਆਂ ਯੋਜਨਾਵਾਂ ਬਾਰੇ ਵਿਚਾਰ ਕਰ ਰਹੀ ਹੈ?

**ਰਾਣਾ ਗੁਰਜੀਤ ਸਿੰਘ:** (ੳ) ਹਾਂ ਜੀ।

(ਅ) ਨਹੀਂ ਜੀ।

(ੲ) ਫਿਲਹਾਲ ਕੋਈ ਤਜਵੀਜ਼ ਨਹੀਂ ਹੈ ਜੀ।

-----

## ਗੈਰ ਕਾਨੂੰਨੀ ਖੁਦਾਈ ਦੀ ਜਾਂਚ ਕਰਵਾਉਣਾ

***557.(ਸੀ.ਯੂ.) ਸ਼੍ਰੀ ਕੰਵਰ ਸੰਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਡੀ.ਸੀ. ਮੋਹਾਲੀ ਦੀ ਜੁਲਾਈ, 2017 ਦੀ ਰਿਪੋਰਟ ਵਿਚ ਖਰੜ ਵਿਧਾਨ ਸਭਾ ਹਲਕੇ ਦੇ ਬਲਾਕ ਮਾਜਰੀ ਵਿੱਚ ਪੈਂਦੇ ਪਿੰਡਾਂ ਖਿਜਰਾਬਾਦ, ਕੁਬਾਹੇੜੀ, ਮੀਆਂਪੁਰ ਚੰਗਰ ਅਤੇ ਨਾਲ ਲੱਗਦੇ ਪਿੰਡਾਂ ਵਿੱਚ ਗੈਰ ਕਾਨੂੰਨੀ ਖੁਦਾਈ ਦੇ ਮੁੱਢਲੇ ਸਬੂਤ ਪਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿੱਚ ਗੈਰ ਕਾਨੂੰਨੀ ਮਾਈਨਿੰਗ ਦੀ ਇਜਾਜ਼ਤ ਦੇਣ ਵਾਲੇ ਅਧਿਕਾਰੀਆਂ ਵਿਰੁੱਧ ਕੀ ਕਾਰਵਾਈ ਆਰੰਭੀ ਗਈ ਹੈ;

(ਅ) ਕੀ ਕੋਈ ਵਿਧਾਇਕ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਰਪੰਚ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਗੈਰ ਕਾਨੂੰਨੀ ਖੁਦਾਈ ਵਿਚ ਸ਼ਾਮਲ ਹਨ; ਜੇਕਰ ਅਜਿਹਾ ਹੋਵੇ ਤਾ ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਕੀ ਸਰਕਾਰ ਇਸ ਮਸਲੇ ਦੀ ਸੀ.ਬੀ.ਆਈ.ਤੋਂ ਜਾਂਚ ਕਰਵਾਏਗੀ?

**ਕੈਪਟਨ ਅਮਰਿੰਦਰ ਸਿੰਘ:** ਡੀ.ਸੀ.ਮੁਹਾਲੀ ਵਲੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਖਰੜ ਵਿਧਾਨ ਸਭਾ ਹਲਕੇ ਦੇ ਬਲਾਕ ਮਾਜਰੀ ਦੇ ਪਿੰਡ ਖਿਜਰਾਬਾਦ, ਕੁਬਾਹੇੜੀ, ਮੀਆਂਪੁਰ ਚੰਗਰ ਅਤੇ ਨਾਲ ਲਗਦੇ ਪਿੰਡਾਂ ਵਿਚ ਗੈਰ ਕਾਨੂੰਨੀ ਖੁਦਾਈ ਦੇ ਨਿਸ਼ਾਨ ਪਾਏ ਗਏ। ਵਿਭਾਗ ਦੇ ਕਿਸੇ ਅਧਿਕਾਰੀ ਵਿਰੁੱਧ ਕੋਈ ਕਾਰਵਾਈ ਨਹੀਂ ਆਰੰਭੀ ਗਈ ਕਿਉਂ ਜੋ ਕਿਸੇ ਵੀ ਅਧਿਕਾਰੀ ਪਾਸੋਂ ਗੈਰ ਕਾਨੂੰਨੀ ਮਾਈਨਿੰਗ ਦੀ ਇਜਾਜ਼ਤ ਨਹੀਂ ਦਿੱਤੀ ਗਈ ।

(ਅ) ਵਿਧਾਇਕ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਰਪੰਚ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਗੈਰ ਕਾਨੂੰਨੀ ਖੁਦਾਈ ਵਿਚ ਸ਼ਾਮਲ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ।

-----

## ਪੰਜਾਬ ਵਿਚ ਚੱਲ ਰਹੇ ਘੜੁੱਕਾ ਅਤੇ ਮਰੂਤਾ ਵਹੀਕਲਜ਼ ਨੂੰ ਬੰਦ ਕਰਨਾ

***559 (ਸੀ.ਯੂ.). ਸ਼੍ਰੀ ਸੋਮ ਪ੍ਰਕਾਸ਼ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿਚ ਖਾਸ ਤੌਰ ਤੇ ਮਾਲਵਾ ਅਤੇ ਮਾਝਾ ਖੇਤਰ ਵਿਖੇ ਆਪ ਬਣਾਏ ਗਏ ਵਹੀਕਲਜ਼ ਜਿਸ ਨੂੰ ਘੜੁੱਕਾ ਜਾਂ ਮਰੂਤਾ ਕਿਹਾ ਜਾਂਦਾ ਹੈ, ਕਿਉਂ ਚੱਲ ਰਹੇ ਹਨ ਅਤੇ ਲੋਕਾਂ ਦੇ ਜੀਵਨ ਨੂੰ ਖਤਰੇ ਵਿਚ ਕਿਉਂ ਪਾਇਆ ਜਾ ਰਿਹਾ ਹੈ; ਅਜਿਹੇ ਵਹੀਕਲਜ਼ ਕਦੋਂ ਤੱਕ ਪੂਰਨ ਤੌਰ ਤੇ ਬੰਦ ਕਰ ਦਿੱਤੇ ਜਾਣਗੇ?

**ਕੈਪਟਨ ਅਮਰਿੰਦਰ ਸਿੰਘ :** ਅਜਿਹੇ ਬੇਨਿਯਮੇ ਵਾਹਨਾਂ ਨੂੰ ਚਲਾਉਣ ਦੀ ਸਰਕਾਰ ਵੱਲੋਂ ਇਜਾਜ਼ਤ ਨਹੀਂ ਹੈ। ਜੇਕਰ ਕੋਈ ਵਿਅਕਤੀ ਅਜਿਹੇ ਵਾਹਨ ਚਲਾਉਂਦਾ ਹੈ ਤਾਂ ਉਹ ਕਾਨੂੰਨ ਦੀ ਉਲੰਘਣਾ ਕਰ ਰਿਹਾ ਹੈ। ਉਸ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

-----

## ਹਲਕਾ ਅਬੋਹਰ ਵਿੱਚ ਪੈਂਦੀਆਂ ਢਾਣੀਆਂ ਨੂੰ ਬਿਜਲੀ ਸਪਲਾਈ ਦੇਣਾ

***560.(ਸੀ.ਯੂ.) ਸ਼੍ਰੀ ਅਰੁਣ ਨਾਰੰਗ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਅਬੋਹਰ ਵਿੱਚ ਪੈਂਦੀਆਂ ਢਾਣੀਆਂ ਨੂੰ 24 ਘੰਟੇ ਵਾਲੀ ਲਾਈਨ ਵਿਚੋਂ ਬਿਜਲੀ ਸਪਲਾਈ ਕੀਤੀ ਜਾਂਦੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਅਬੋਹਰ ਹਲਕੇ ਦੇ ਵੱਖ-ਵੱਖ ਪਿੰਡਾਂ ਦੀਆਂ ਢਾਣੀਆਂ ਨੂੰ ਯੂ.ਪੀ.ਐਸ. ਵਾਲੀ ਬਿਜਲੀ ਦੀ ਸਪਲਾਈ ਦਿੱਤੀ ਜਾਂਦੀ ਹੈ।

ਇਸ ਹਲਕੇ ਅਧੀਨ ਕੁੱਲ 131 ਨੰਬਰ ਢਾਣੀਆਂ ਨੂੰ ਟਿਊਬਵੈਲ ਸਪਲਾਈ ਵਾਲੇ ਫੀਡਰਾਂ ਤੋਂ ਸਪਲਾਈ ਦਿੱਤੀ ਜਾ ਰਹੀ ਹੈ।

ਹੁਣ ਤੱਕ 59 ਨੰਬਰ ਢਾਣੀਆਂ ਨੂੰ ਅਰਬਨ ਪੈਟਰਨ ਸਪਲਾਈ ਨਾਲ ਜੋੜ ਦਿੱਤਾ ਗਿਆ ਹੈ।

ਬਾਕੀ ਦੀਆਂ 72 ਨੰਬਰ ਢਾਣੀਆਂ ਨੂੰ ਅਰਬਨ ਪੈਟਰਨ ਸਪਲਾਈ ਦੇਣ ਲਈ 130 ਲੱਖ ਰੁਪਏ ਦੀ ਰਕਮ ਦੀ ਜ਼ਰੂਰਤ ਹੈ । ਜਦੋਂ ਵੀ ਇਹ ਗ੍ਰਾਂਟ ਪ੍ਰਾਪਤ ਹੋ ਜਾਵੇਗੀ ਇਨ੍ਹਾਂ ਨੂੰ ਵੀ ਅਰਬਨ ਪੈਟਰਨ ਸਪਲਾਈ ਨਾਲ ਜੋੜ ਦਿੱਤਾ ਜਾਵੇਗਾ।

-----

## ਸਹਿਕਾਰੀ ਖੰਡ ਮਿੱਲਾਂ ਦੁਆਰਾ ਸ਼ੀਰੇ ਦੀ ਨਿਲਾਮੀ

***561 (ਸੀ.ਯੂ.). ਸ਼੍ਰੀ ਅਵਤਾਰ ਸਿੰਘ ਜੂਨੀਅਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਾਲ 2017-18 ਵਿਚ ਸਹਿਕਾਰੀ ਸ਼ੂਗਰ ਮਿੱਲਾਂ ਨੇ ਆਪਣਾ ਸ਼ੀਰਾ ਵੱਖ ਵੱਖ ਪ੍ਰਾਈਵੇਟ ਪਾਰਟੀਆਂ ਨੂੰ ਵੇਚਿਆ/ਨਿਲਾਮ ਕੀਤਾ; ਜੇਕਰ ਅਜਿਹਾ ਹੈ ਤਾਂ ਨਿਲਾਮੀ ਵਿੱਚ ਭਾਗ ਲੈਣ ਵਾਲੀਆਂ ਪਾਰਟੀਆਂ ਅਤੇ ਸ਼ਾਮਲ ਰਕਮਾਂ ਦੇ ਵੇਰਵੇ ਕੀ ਹਨ;

(ਅ) ਕੀ ਸਰਕਾਰੀ ਮਿੱਲਾਂ ਵਿਚੋਂ ਸ਼ੀਰਾ ਉਠਾਉਣ ਵਿਚ ਕੋਈ ਦੇਰੀ ਹੋਈ ਸੀ; ਜੇਕਰ ਹਾਂ ਤਾਂ ਇਸ ਦੇ ਕੀ ਕਾਰਨ ਹਨ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ। ਵੱਖ-ਵੱਖ ਈ-ਟੈਂਡਰਾਂ ਵਿਚ ਭਾਗ ਲੈਣ ਵਾਲੀਆਂ ਪਾਰਟੀਆਂ ਅਤੇ ਸ਼ੀਰਾ ਖਰੀਦਣ ਵਾਲੀ ਪਾਰਟੀ ਵਲੋਂ ਦਿੱਤੇ ਗਏ ਰੇਟਾਂ ਦੇ ਮਿੱਲ-ਵਾਰ ਵੇਰਵੇ **ਅਨੁਲੱਗ 'ੳ'** ਤੇ ਹੈ।

(ਅ) ਹਾਂ ਜੀ। ਸਹਿਕਾਰੀ ਖੰਡ ਮਿੱਲਾਂ ਵਿੱਚ ਸ਼ੀਰਾ ਉਠਾਉਣ ਵਿਚ ਹੋਈ ਦੇਰੀ ਅਤੇ ਕਾਰਨਾਂ ਦਾ ਮਿੱਲ-ਵਾਰ ਵੇਰਵਾ **ਅਨੁਲੱਗ 'ਅ'** ਤੇ ਹੈ।

## ਅਨੁਲੱਗ ੳ

| ਮਿੱਲ ਦਾ ਨਾਂ | ਟੈਂਡਰ ਖੋਲ੍ਹਣ ਦੀ ਮਿਤੀ | ਟੈਂਡਰ ਵਿੱਚ ਭਾਗ ਲੈਣ ਵਾਲੀਆਂ ਪਾਰਟੀਆਂ ਦੇ ਨਾਮ | ਪਾਰਟੀਆਂ ਵੱਲੋਂ ਦਿੱਤੇ ਗਏ ਰੇਟ (ਪ੍ਰਤੀ ਕੁਇੰਟਲ) | ਖਰੀਦਣ ਵਾਲੀਆਂ ਪਾਰਟੀਆਂ ਦੇ ਨਾਮ |
|---|---|---|---|---|
| ਅਜਨਾਲਾ | 6.6.2017 | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜ਼ਿਜ਼, ਜਲੰਧਰ | 600/- | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਇਜ਼ਜ਼, ਜਲੰਧਰ |
| | | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 549/- | |
| | | ਮੈਸਰਜ਼ ਸਿੰਗਲਾ ਐਂਡ ਸਿੰਗਲਾ ਕੰਪਨੀ, ਪਟਿਆਲਾ | 550/- | |
| | 20.09.2017 | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 378/- | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ |
| ਬਟਾਲਾ | 07.06.2017 | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਇਜ਼ਿਜ਼, | 560/- (ਗੱਲਬਾਤ ਉਪਰੰਤ 600/-) | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਇਜ਼ਿਜ਼, ਜਲੰਧਰ |
| | | ਮੈਸਰਜ਼ ਸਿੰਗਲਾ ਐਂਡ ਸਿੰਗਲਾ ਕੰਪਨੀ, ਪਟਿਆਲਾ | 550/- | |
| | | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 532/- | |
| | 21.9.2017 | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 378/- | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ |
| | | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ | 326/- | |

| | | | | |
|---|---|---|---|---|
| ਬੁੱਢੇਵਾਲ | 08.06.2017 | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ | 540/- (ਗੱਲਬਾਤ ਉਪਰੰਤ 550/-) | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ |
| | 10.10.2017 | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ | 223/- | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ |
| | | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ | 200/- | |
| | | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 180/- | |
| ਭੋਗਪੁਰ | 07.06.2017 | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ | 550/- | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ |
| | 18.10.2017 | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ | 232/- | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ |
| | | ਮੈਸਰਜ਼ ਕ੍ਰਿਸ਼ਨਾ ਇੰਟਰਪ੍ਰਾਈਜਿਜ਼, ਜਲੰਧਰ | 200/- | |
| ਗੁਰਦਾਸਪੁਰ | 06.06.2017 | ਮੈਸਰਜ਼ ਕ੍ਰਿਸ਼ਨਾ ਇੰਟਰਪ੍ਰਾਈਜਿਜ਼, ਜਲੰਧਰ | 560/- (ਗੱਲਬਾਤ ਉਪਰੰਤ 600/-) | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ |
| | 20.09.2017 | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ | 378/- | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ |
| ਮੋਰਿੰਡਾ | 06.06.2017 | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ | 540/-(ਗੱਲਬਾਤ ਉਪਰੰਤ 550/-) | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ |
| | 17.10.2017 | ਮੈਸਰਜ਼ ਬਾਲਾ ਜੀ ਟਰੇਡਿੰਗ ਕੰਪਨੀ, ਲੁਧਿਆਣਾ | 281/- | ਮੈਸਰਜ਼ ਬਾਲਾ ਜੀ ਟਰੇਡਿੰਗ ਕੰਪਨੀ, ਲੁਧਿਆਣਾ |
| ਨਕੋਦਰ | 06.06.2017 | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ | 537/- (ਗੱਲਬਾਤ ਉਪਰੰਤ 550/-) | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ |
| | 17.10.2017 | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ | 200/- | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ |

[ਮੁੱਖ ਮੰਤਰੀ]

| | | | | |
|---|---|---|---|---|
| ਨਵਾਂਸ਼ਹਿਰ | 08.06.2017 | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ | 550/- (ਖੰਡ ਮਿੱਲ) ਅਤੇ 586/- (ਡਿਸਟਲਰੀ) | ਮੈਸਰਜ਼ ਅਰਾਧਿਆ ਇੰਪੈਕਸ, ਲੁਧਿਆਣਾ |
| | 17.10.2017 | ਮੈਸਰਜ਼ ਕ੍ਰਿਸ਼ਨਾ ਇੰਟਰਪ੍ਰਾਈਜਿਜ਼, ਜਲੰਧਰ | 200/- | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ |
| ਫਾਜ਼ਿਲਕਾ | 06.06.2017 | ਮੈਸਰਜ਼ ਕ੍ਰਿਸ਼ਨਾ ਇੰਟਰਪ੍ਰਾਈਜਿਜ਼, ਜਲੰਧਰ | 560/- | ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜਿਜ਼, ਜਲੰਧਰ |
| | | ਮੈਸਰਜ਼ ਸਿੰਗਲਾ ਐਂਡ ਸਿੰਗਲਾ ਕੰਪਨੀ, ਪਟਿਆਲਾ | 550/- | |
| | 20.09.2017 | ਮੈਸਰਜ਼ ਹਰੀਓਮ, ਇੰਡਸਟਰੀਜ਼, ਮੋਗਾ | 378/- | ਮੈਸਰਜ਼ ਹਰੀਓਮ ਇੰਡਸਟਰੀਜ਼, ਮੋਗਾ |
| | | ਮੈਸਰਜ਼ ਐਸ.ਐਸ. ਰਾਏ ਟਰੇਡਰਜ਼, ਲੁਧਿਆਣਾ | 310/- | |

**ਅਨੁਲੱਗ ਅ**

| ਲੜੀ ਨੰ | ਮਿੱਲ ਦਾ ਨਾਂ | ਟੈਂਡਰ ਖੋਲ੍ਹਣ/ਸੇਲ ਆਰਡਰ ਜਾਰੀ ਕਰਨ ਦੀ ਮਿਤੀ | ਸ਼ੀਰਾ ਚੁੱਕਣ ਦੇ ਸਮੇਂ ਵਿੱਚ ਦਿੱਤਾ ਗਿਆ ਵਾਧਾ | ਦੇਰੀ ਦਾ ਕਾਰਨ |
|---|---|---|---|---|
| 1 | ਅਜਨਾਲਾ | 6.6.2017, 7.6.2017, 20.9.2017, 21.9.2017 | 30 ਦਿਨ | ਕੇਂਦਰੀ ਸਰਕਾਰ ਵੱਲੋਂ ਜੀ.ਐਸ.ਟੀ. ਦਾ ਲਾਗੂ ਕਰਨਾ ਅਤੇ ਡੇਰਾ ਸਿਰਸਾ ਮਸਲੇ ਕਾਰਨ। |
| 2 | ਬਟਾਲਾ | 6.6.2017, 7.6.2017, 20.9.2017, 21.9.2017 | 30 ਦਿਨ | ਕੇਂਦਰੀ ਸਰਕਾਰ ਵੱਲੋਂ ਜੀ.ਐਸ.ਟੀ. ਦਾ ਲਾਗੂ ਕਰਨਾ। |
| 3 | ਭੋਗਪੁਰ | 6.6.2017, 7.6.2017, 18.10.2017, 18.10.2017 | 30 ਦਿਨ | ਮਿਤੀ 7.6.2017 ਨੂੰ ਵੇਚੇ ਗਏ ਸ਼ੀਰੇ ਨੂੰ ਪਾਰਟੀ ਵੱਲੋਂ ਸ਼ੀਰਾ ਚੁੱਕਣ ਵਿੱਚ ਸਮੇਂ ਵਿੱਚ ਕੀਤੇ ਗਏ ਵਾਧੇ ਦੇ ਬਾਵਜੂਦ ਪਾਰਟੀ ਵੱਲੋਂ ਸ਼ੀਰਾ ਨਾ ਚੁੱਕਣ ਕਰਕੇ ਆਰਡਰ ਰੱਦ ਕਰਕੇ ਅਤੇ ਅਮਾਨਤ ਰਾਸ਼ੀ ਜ਼ਬਤ ਕਰਕੇ ਪਾਰਟੀ ਦੇ ਰਿਸਕ ਅਤੇ ਕਾਸਟ ਤੇ ਵੇਚਿਆ ਗਿਆ ਅਤੇ ਘਾਟੇ ਦੀ ਰਾਸ਼ੀ ਵਸੂਲਣ ਲਈ ਮਿੱਲ ਵਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। |

| | | | | |
|---|---|---|---|---|
| 4 | ਬੁਢੇਵਾਲ | 6.6.2017, 8.6.2017, 17.10.2017, 18.10.2017 | 30 ਦਿਨ | ਮਿਤੀ 8.6.2017 ਨੂੰ ਵੇਚੇ ਗਏ ਸ਼ੀਰੇ ਨੂੰ ਪਾਰਟੀ ਵਲੋਂ ਸ਼ੀਰਾ ਚੁੱਕਣ ਵਿੱਚ ਸਮੇਂ ਵਿੱਚ ਕੀਤੇ ਗਏ ਵਾਧੇ ਦੇ ਬਾਵਜੂਦ ਪਾਰਟੀ ਵੱਲੋਂ ਸ਼ੀਰਾ ਨਾ ਚੁੱਕਣ ਕਰਕੇ ਆਰਡਰ ਰੱਦ ਕਰਕੇ ਅਤੇ ਅਮਾਨਤ ਰਾਸ਼ੀ ਜ਼ਬਤ ਕਰਕੇ ਪਾਰਟੀ ਦੇ ਰਿਸਕ ਅਤੇ ਕਾਸਟ ਤੇ ਵੇਚਿਆ ਗਿਆ ਅਤੇ ਘਾਟੇ ਦੀ ਰਾਸ਼ੀ ਵਸੂਲਣ ਲਈ ਮਿੱਲ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। |
| 5 | ਫਾਜ਼ਿਲਕਾ | 6.6.2017, 7.6.2017, 20.9.2017, 21.9.2017 | 30 ਦਿਨ | ਕੇਂਦਰੀ ਸਰਕਾਰ ਵੱਲੋਂ ਜੀ.ਐਸ.ਟੀ. ਦਾ ਲਾਗੂ ਕਰਨਾ ਅਤੇ ਡੇਰਾ ਸਿਰਸਾ ਮਸਲੇ ਕਾਰਨ। |
| 6 | ਗੁਰਦਾਸਪੁਰ | 6.6.2017, 7.6.2017, 20.9.2017, 21.9.2017 | 30 ਦਿਨ | ਕੇਂਦਰੀ ਸਰਕਾਰ ਵਲੋਂ ਜੀ.ਐਸ.ਟੀ. ਦਾ ਲਾਗੂ ਕਰਨਾ ਅਤੇ ਡੇਰਾ ਸਿਰਸਾ ਮਸਲੇ ਕਾਰਨ। |
| 7 | ਮੋਰਿੰਡਾ | 6.6.2017, 7.6.2017, 17.10.2017, 18.10.2017 | 30 ਦਿਨ | ਮਿਤੀ 8.6.2017 ਨੂੰ ਵੇਚੇ ਗਏ ਸ਼ੀਰੇ ਨੂੰ ਪਾਰਟੀ ਵਲੋਂ ਸ਼ੀਰਾ ਚੁੱਕਣ ਵਿੱਚ ਸਮੇਂ ਵਿੱਚ ਕੀਤੇ ਗਏ ਵਾਧੇ ਦੇ ਬਾਵਜੂਦ ਪਾਰਟੀ ਵੱਲੋਂ ਸ਼ੀਰਾ ਨਾ ਚੁੱਕਣ ਕਰਕੇ ਆਰਡਰ ਰੱਦ ਕਰਕੇ ਅਤੇ ਅਮਾਨਤ ਰਾਸ਼ੀ ਜ਼ਬਤ ਕਰਕੇ ਪਾਰਟੀ ਦੇ ਰਿਸਕ ਅਤੇ ਕਾਸਟ ਤੇ ਵੇਚਿਆ ਗਿਆ ਅਤੇ ਘਾਟੇ ਦੀ ਰਾਸ਼ੀ ਵਸੂਲਣ ਲਈ ਮਿੱਲ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। |
| 8 | ਨਕੋਦਰ | 5.6.2017, 6.6.2017, 17.10.2017, 18.10.2017 | 30 ਦਿਨ | ਮਿਤੀ 8.6.2017 ਨੂੰ ਵੇਚੇ ਗਏ ਸ਼ੀਰੇ ਨੂੰ ਪਾਰਟੀ ਵਲੋਂ ਸ਼ੀਰਾ ਚੁੱਕਣ ਵਿੱਚ ਸਮੇਂ ਵਿੱਚ ਕੀਤੇ ਗਏ ਵਾਧੇ ਦੇ ਬਾਵਜੂਦ ਪਾਰਟੀ ਵੱਲੋਂ ਸ਼ੀਰਾ ਨਾ ਚੁੱਕਣ ਕਰਕੇ ਆਰਡਰ ਰੱਦ ਕਰਕੇ ਅਤੇ ਅਮਾਨਤ ਰਾਸ਼ੀ ਜ਼ਬਤ ਕਰਕੇ ਪਾਰਟੀ ਦੇ ਰਿਸਕ ਅਤੇ ਕਾਸਟ ਤੇ ਵੇਚਿਆ ਗਿਆ ਅਤੇ ਘਾਟੇ ਦੀ ਰਾਸ਼ੀ ਵਸੂਲਣ ਲਈ ਮਿੱਲ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। |
| 9 | ਨਵਾਂਸ਼ਹਿਰ | 6.6.2017, 8.6.2017, 17.10.2017, 18.10.2017 | 30 ਦਿਨ | ਕੇਂਦਰੀ ਸਰਕਾਰ ਵੱਲੋਂ ਜੀ.ਐਸ.ਟੀ. ਦਾ ਲਾਗੂ ਕਰਨਾ ਅਤੇ ਡੇਰਾ ਸਿਰਸਾ ਮਸਲੇ ਕਾਰਨ। |

----

## ਬੋਲੇ ਅਤੇ ਗੂੰਗੇ ਬੱਚਿਆਂ ਦੇ ਇਲਾਜ ਦੀ ਮੁਫਤ ਸੁਵਿਧਾ ਉਪਲਬਧ ਕਰਵਾਉਣਾ

***563 (ਸੀ.ਯੂ.). ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਬੋਲੇ ਅਤੇ ਗੂੰਗੇ ਬੱਚਿਆਂ ਦਾ ਇਲਾਜ ਮੁਫਤ ਕਰਨ ਦੀ ਸੁਵਿਧਾ ਲਈ ਰਾਜ ਦੇ ਕਿਹੜੇ ਕਿਹੜੇ ਹਸਪਤਾਲਾਂ ਕੋਲ ਬੱਚਿਆਂ ਦੀ ਸਕਰੀਨਿੰਗ ਕਰਨ ਲਈ ਲੋੜੀਂਦੇ ਉਪਰਕਣ ਉਪਲਬਧ ਹਨ; ਵਿਸਥਾਰ ਸਹਿਤ ਦੱਸਿਆ ਜਾਵੇ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਰਾਸ਼ਟਰੀਆ ਬਾਲ ਸਵਾਸਥਿਆ ਕਾਰਿਆਕ੍ਰਮ (ਆਰ.ਬੀ.ਐਸ.ਕੇ.) ਦੇ ਤਹਿਤ ਪੰਜਾਬ ਰਾਜ ਦੇ ਸਰਕਾਰੀ ਹਸਪਤਾਲਾਂ ਅਤੇ ਘਰਾਂ ਵਿਚ ਪੈਦਾ ਹੋਏ ਨਵਜਾਤ ਬੱਚੇ (0 ਤੋਂ 6 ਹਫਤੇ), ਆਂਗਨਵਾੜੀ ਕੇਂਦਰਾਂ ਵਿੱਚ ਇਨਰੋਲਡ ਬੱਚੇ (6 ਹਫਤੇ ਤੋਂ 6 ਸਾਲ) ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਬਾਰਵ੍ਹੀਂ ਕਲਾਸ (6 ਤੋਂ 18 ਸਾਲ) ਤੱਕ ਦੇ ਬੱਚਿਆਂ ਦੀ ਡੈਡੀਕੇਟਿਡ ਮੋਬਾਈਲ ਹੈਲਥ ਟੀਮਾਂ ਦੁਆਰਾ ਹੈਲਥ ਚੈਕ-ਅੱਪ 4 ਡੀਜ਼ ਅਧੀਨ (ਜਮਾਂਦਰੂ ਨੁਕਸ, ਸਰੀਰਕ ਕਮੀਆਂ, ਬਿਮਾਰੀਆਂ ਅਤੇ ਵਾਧੇ ਤੇ ਵਿਕਾਸ ਵਿਚ ਦੇਰੀ) ਸਕਰੀਨਿੰਗ ਕੀਤੀ ਜਾਂਦੀ ਹੈ ਅਤੇ ਕਿਸੇ ਵੀ ਬਿਮਾਰੀ ਨਾਲ ਪੀੜਤ ਬੱਚਿਆਂ ਦਾ ਰਾਜ ਦੇ ਟਰਸ਼ਰੀ ਹਸਪਤਾਲਾਂ ਵਿੱਚ ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਅਧੀਨ ਮੁਫਤ ਇਲਾਜ ਕੀਤਾ ਜਾਂਦਾ ਹੈ।

Congenital Defness/Hearing Impairment ਨਾਲ ਪਾਏ ਗਏ ਪੀੜਤ ਬੱਚਿਆਂ ਨੂੰ ਤਿੰਨ ਸਰਕਾਰੀ ਮੈਡੀਕਲ ਕਾਲਜਾਂ, ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ ਅਤੇ ਪੀ.ਜੀ.ਆਈ., ਚੰਡੀਗੜ੍ਹ ਵਿਖੇ ਮੁਫਤ ਇਲਾਜ ਲਈ ਰੈਫਰ ਕੀਤਾ ਜਾਂਦਾ ਹੈ।

ਬੈਰਾ ਟੈਸਟ ਅਤੇ ਕੋਕੀਲੀਅਰ ਪਲਾਂਟ ਲਈ (2 ਸਾਲ ਤੱਕ ਉਮਰ) ਬੱਚਿਆਂ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਜਾਂਦਾ ਹੈ। ਹੁਣ ਤੱਕ 1 ਬੱਚੇ ਨੂੰ 5,62,062/- ਰੁਪਏ ਦਾ ਕੋਕੀਲੀਅਰ ਪਲਾਂਟ ਲਗਾਇਆ ਗਿਆ ਹੈ ਅਤੇ 2 ਬੱਚਿਆਂ ਨੂੰ ਲਗਾਇਆ ਜਾ ਰਿਹਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਵੱਲੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਈ.ਐਨ.ਟੀ.ਵਿਭਾਗ, ਗੌਰਮਿੰਟ ਮੈਡੀਕਲ ਕਾਲਜ, ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ ਵਿਖੇ PTA, ਟੈਸਟ ਲਈ Pure Tone Audiometry Machine ਉਪਲਬਧ ਹੈ, Impedance, OAE, and Brainstem Auditory Evoked Responses (B-ERA) ਟੈਸਟ ਕੀਤੇ ਜਾਂਦੇ ਹਨ।

ਸਾਲ 2017-18 (ਸਤੰਬਰ, 2017) ਤੱਕ ਹੇਠ ਲਿਖੇ ਅਨੁਸਾਰ Congenital Deafness/Hearing Impairment ਨਾਲ ਪਾਏ ਗਏ ਪੀੜਤ ਬੱਚਿਆਂ ਦਾ ਮੁਫਤ ਇਲਾਜ ਕਰਵਾਇਆ ਗਿਆ।

| Congenital Deafness | | | Hearing Impairment | | |
|---|---|---|---|---|---|
| Referred | Confirmed | Treated | Referred | Confirmed | Treated |
| 285 | 56 | 37 | 663 | 191 | 181 |

ਸਾਲ 2017-18 ਦੌਰਾਨ (ਸਤੰਬਰ, 2017 ਤੱਕ) 46 ਬੱਚਿਆਂ ਨੂੰ 69 ਹੀਅਰਿੰਗ ਏਡ ਲਗਾਏ ਗਏ ਹਨ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 564 (ਸੀ.ਯੂ.)**

----

**ਗਰੀਬ ਵਿਦਿਆਰਥੀਆਂ ਲਈ ਮੁਫਤ ਕਿਤਾਬਾਂ/ਵਰਦੀਆਂ**

***566.(ਸੀ.ਯੂ.) 1) ਡਾ. ਸੁਖਵਿੰਦਰ ਕੁਮਾਰ**
**2) ਸਰਦਾਰ ਸੁਖਪਾਲ ਸਿੰਘ ਖਹਿਰਾ**
**3) ਸਰਦਾਰ ਬਲਦੇਵ ਸਿੰਘ**
**4) ਸ਼੍ਰੀ ਬੁੱਧ ਰਾਮ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਗਰੀਬ ਬੱਚਿਆਂ ਨੂੰ ਮੁਫਤ ਕਿਤਾਬਾਂ ਅਤੇ ਵਰਦੀਆਂ ਛੰਡਣ ਦੀ ਪਾਲਿਸੀ ਤਹਿਤ ਚਾਲੂ ਸੈਸ਼ਨ ਦੌਰਾਨ ਸਾਰੇ ਯੋਗ ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਵਰਦੀਆਂ ਵੰਡੀਆਂ ਜਾ ਚੁੱਕੀਆਂ ਹਨ; ਜੇਕਰ ਨਹੀਂ ਤਾਂ ਕਿਹੜੀਆਂ ਕਿਹੜੀਆਂ ਕਿਤਾਬਾਂ ਅਤੇ ਵਰਦੀਆਂ ਅਜੇ ਬੱਚਿਆਂ ਨੂੰ ਮੁਹੱਈਆ ਕਰਾਉਣੀਆਂ ਰਹਿੰਦੀਆਂ ਹਨ ਅਤੇ ਇਹ ਕਦੋਂ ਤੱਕ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ;

(ਅ) ਕੀ ਪਿਛਲੇ ਵਿਦਿਅਕ ਸੈਸ਼ਨ ਦੌਰਾਨ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਟੈਕਸਟ ਬੁੱਕਸ ਦੇ ਦਿੱਤੀਆਂ ਗਈਆਂ ਸਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਸਨ?

** For Question No. 564 (C.U) and reply thereto, please see Appendix to Annexure to debates.

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਚਾਲੂ ਵਿਦਿਅਕ ਸੈਸ਼ਨ 2017-18 ਦੌਰਾਨ ਕੁੱਲ 198 ਵਿਚੋਂ 190 ਕਿਤਾਬਾਂ/ਟਾਈਟਲ ਸਪਲਾਈ ਹੋ ਚੁੱਕੇ ਹਨ ਅਤੇ ਇਨ੍ਹਾਂ ਵਿਚੋਂ ਬਾਕੀ ਰਹਿੰਦੀਆਂ ਸਿਰਫ 8 ਕਿਤਾਬਾਂ/ਟਾਈਟਲ ਦੀ ਸਪਲਾਈ ਕੀਤੀ ਜਾ ਰਹੀ ਹੈ ਜੋ ਕਿ ਮਿਤੀ 5.12.2017 ਤੱਕ ਪੂਰੀ ਕਰ ਲਈ ਜਾਵੇਗੀ।

ਸੈਸ਼ਨ 2017-18 ਦੌਰਾਨ ਸਰਵ ਸਿੱਖਿਆ ਅਭਿਆਨ ਤਹਿਤ ਭਾਰਤ ਸਰਕਾਰ ਤੋਂ ਘੱਟ ਫੰਡ ਪ੍ਰਾਪਤ ਹੋਣ ਕਾਰਨ ਹੁਣ ਤੱਕ ਸਿਰਫ ਪ੍ਰਾਇਮਰੀ ਕਲਾਸਾਂ ਦੇ ਸਾਰੇ ਯੋਗ ਵਿਦਿਆਰਥੀਆਂ (887914) ਲਈ 3551.656 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਪੱਧਰ 'ਤੇ ਵਰਦੀਆਂ ਦੀ ਵੰਡ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਤੋਂ ਗ੍ਰਾਂਟ ਦੀ ਅਗਲੀ ਕਿਸ਼ਤ ਪ੍ਰਾਪਤ ਹੋਣ ਉਪਰੰਤ ਅੱਪਰ ਪ੍ਰਾਇਮਰੀ ਕਲਾਸਾਂ ਦੇ ਯੋਗ ਵਿਦਿਆਰਥੀਆਂ (627809) ਲਈ 2511.236 ਲੱਖ ਰੁਪਏ ਦੇ ਫੰਡ ਜਲਦ ਹੀ ਜਾਰੀ ਕਰ ਦਿੱਤੇ ਜਾਣਗੇ।

(ਅ) ਹਾਂ ਜੀ, ਪਿਛਲੇ ਵਿਦਿਅਕ ਸੈਸ਼ਨ ਦੌਰਾਨ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਟੈਕਸਟ ਬੁੱਕਸ ਦੇ ਦਿੱਤੀਆਂ ਗਈਆਂ ਸਨ।

-----

**ਰੋਜ਼ਗਾਰ ਮੇਲਿਆਂ ਦੌਰਾਨ ਦਿੱਤੀਆਂ ਗਈਆਂ ਨੌਕਰੀਆਂ**

***568.(ਸੀ.ਯੂ.) 1) ਸ਼੍ਰੀ ਐਨ.ਕੇ.ਸ਼ਰਮਾ**

**2) ਸਰਦਾਰ ਸੁਖਪਾਲ ਸਿੰਘ ਖਹਿਰਾ**

**3) ਸਰਦਾਰ ਬਲਦੇਵ ਸਿੰਘ** :

**4) ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) 15 ਮਾਰਚ, 2017 ਤੋਂ ਮਿਤੀ ਅੰਤ ਤੱਕ ਸਰਕਾਰ ਵੱਲੋਂ ਵੱਖ-ਵੱਖ ਥਾਵਾਂ ਤੇ ਲਗਾਏ ਗਏ ਰੋਜ਼ਗਾਰ ਮੇਲਿਆਂ ਦੌਰਾਨ ਕਿੰਨੇ ਬੱਚਿਆਂ ਨੂੰ ਸਰਕਾਰੀ ਨੌਕਰੀ ਅਤੇ ਕਿੰਨਿਆਂ ਬੱਚਿਆਂ ਨੂੰ ਪ੍ਰਾਈਵੇਟ ਕੰਪਨੀਆਂ ਵਲੋਂ ਨੌਕਰੀ ਦਿੱਤੀ ਗਈ ਹੈ ਅਤੇ ਇਨ੍ਹਾਂ ਰੋਜ਼ਗਾਰ ਮੇਲਿਆਂ ਸਬੰਧੀ ਵੱਡੇ-ਵੱਡੇ ਇਸ਼ਤਿਹਾਰਾਂ ਤੇ ਖਰਚਾ ਸਰਕਾਰ ਵਲੋਂ ਕੀਤਾ ਗਿਆ ਹੈ ਜਾਂ ਪ੍ਰਾਈਵੇਟ ਕੰਪਨੀਆਂ ਵੱਲੋਂ; ਜੇਕਰ ਸਰਕਾਰ ਵੱਲੋਂ ਕੀਤਾ ਗਿਆ ਹੈ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਨੌਕਰੀ ਤੇ ਲਾਏ ਗਏ ਬੱਚਿਆਂ ਵਿੱਚ ਕਿੰਨੇ ਪੰਜਾਬ ਨਾਲ ਅਤੇ ਕਿੰਨੇ ਦੂਜੇ ਸੂਬਿਆਂ ਨਾਲ ਸਬੰਧਤ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਮਨਪ੍ਰੀਤ ਸਿੰਘ ਬਾਦਲ:** (ੳ) ਮਿਤੀ 15.3.2017 ਤੋਂ ਹੁਣ ਤੱਕ ਰੋਜ਼ਗਾਰ ਜੈਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ, ਪੰਜਾਬ ਵਲੋਂ ਰਾਜ ਦੇ 22 ਜ਼ਿਲ੍ਹਿਆਂ ਵਿਚ 55 ਰੋਜ਼ਗਾਰ ਮੇਲੇ ਆਯੋਜਿਤ ਕੀਤੇ ਗਏ। ਇਸ ਮੁਹਿੰਮ ਦੇ ਸਮਰਥਨ ਵਿਚ 533 ਨਿਯੋਜਕਾਂ ਵਲੋਂ ਸਹਿਯੋਗ ਦਿੱਤਾ ਗਿਆ। ਨਿਯੋਜਕਾਂ ਵੱਲੋਂ 13745 ਅਸਾਮੀਆਂ ਦੀ ਪੇਸ਼ਕਸ਼ ਕੀਤੀ ਗਈ, ਇਨ੍ਹਾਂ ਰੋਜ਼ਗਾਰ ਮੇਲਿਆਂ ਵਿਚ 49083 ਉਮੀਦਵਾਰਾਂ ਨੇ ਭਾਗ ਲਿਆ, 13867 ਉਮੀਦਵਾਰ ਸ਼ਾਰਟ ਲਿਸਟ ਕੀਤੇ ਗਏ ਅਤੇ 7299 ਉਮੀਦਵਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਅਤੇ ਸ਼ਾਰਟ ਲਿਸਟ ਕੀਤੇ ਗਏ ਉਮੀਦਵਾਰਾਂ ਨੂੰ ਵੀ ਜਲਦੀ ਰੋਜ਼ਗਾਰ ਉਪਲਬਧ ਕਰਵਾਉਣ ਦੀ ਸੰਭਾਵਨਾ ਹੈ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੇ 22 ਸੰਸਥਾਵਾਂ ਵਿਚ ਰੋਜ਼ਗਾਰ ਮੇਲੇ ਆਯੋਜਿਤ ਕੀਤੇ ਗਏ, ਜਿਨ੍ਹਾਂ ਦੌਰਾਨ 9533 ਉਮੀਦਵਾਰਾਂ ਨੂੰ ਉਨ੍ਹਾਂ ਦੇ ਟਰੇਡ ਅਨੁਸਾਰ ਰੋਜ਼ਗਾਰ ਉਪਲਬਧ ਕਰਵਾਇਆ ਗਿਆ।

ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਨੇ 15.3.2017 ਤੋਂ ਹੁਣ ਤੱਕ ਰਾਜ ਅਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤਹਿਤ 3026 ਯੁਵਕਾਂ ਨੂੰ ਰੋਜ਼ਗਾਰ ਉਪਲਬਧ ਕਰਵਾਇਆ ਗਿਆ।

ਮਿਤੀ 15.3.2017 ਤੋਂ ਹੁਣ ਤੱਕ ਪ੍ਰਾਈਵੇਟ ਸੈਕਟਰ ਦੀਆਂ ਸੰਸਥਾਵਾਂ ਵਿਚ ਕੁਲ 19858 ਯੁਵਕਾਂ ਨੂੰ ਰੋਜ਼ਗਾਰ ਉਪਲਬਧ ਕਰਵਾਇਆ ਜਾ ਚੁੱਕਾ ਹੈ। ਇਨ੍ਹਾਂ ਰੋਜ਼ਗਾਰ ਮੇਲਿਆਂ ਵਿਚ ਕੋਈ ਸਰਕਾਰੀ ਨੌਕਰੀ ਨਹੀਂ ਦਿੱਤੀ ਗਈ। ਲੇਕਿਨ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਲੋਂ ਭਰਤੀ ਪ੍ਰਕਿਰਿਆ ਪੂਰੀ ਕਰਦੇ ਹੋਏ ਕੈਟਾਗਰੀ ਏ,ਬੀ,ਸੀ ਅਤੇ ਡੀ ਦੀਆਂ 2257 ਅਸਾਮੀਆਂ ਤੇ ਰੋਜ਼ਗਾਰ ਉਪਲਬਧ ਕਰਵਾਇਆ ਗਿਆ।

ਇਨ੍ਹਾਂ ਰੋਜ਼ਗਾਰ ਮੇਲਿਆਂ ਵਿਚ ਰੋਜ਼ਗਾਰ ਦੇ ਚਾਹਵਾਨ ਅਤੇ ਨਿਯੋਜਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਹੋਣ ਲਈ ਮੀਡੀਆ ਰਾਹੀਂ ਵੱਖ-ਵੱਖ ਤਰੀਕਿਆਂ ਨਾਲ ਕਾਫੀ ਪ੍ਰਚਾਰ ਕੀਤਾ।

ਸਟੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਨੇ ਉਨ੍ਹਾਂ ਵਲੋਂ ਆਯੋਜਿਤ ਮੇਲਿਆਂ ਦੇ ਪ੍ਰਚਾਰ ਲਈ 6,20,364/- ਰੁਪਏ ਖਰਚ ਕੀਤੇ।

(ਅ) ਰੋਜ਼ਗਾਰ ਦਫਤਰਾਂ ਵਿਚ ਕੇਵਲ ਪੰਜਾਬ ਦੇ ਵਸਨੀਕ ਹੀ ਰੋਜ਼ਗਾਰ ਲਈ ਆਪਣਾ ਨਾਂ ਦਰਜ ਕਰਵਾ ਸਕਦੇ ਹਨ। ਸਟੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਪੋਰਟਲ ਤੇ ਕੇਵਲ ਪੰਜਾਬ ਦੇ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਸੀ ।

ਇਸੇ ਤਰ੍ਹਾਂ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਅਧੀਨ ਕੇਵਲ ਪੰਜਾਬ ਦੇ ਵਸਨੀਕ ਹੀ ਯੋਗ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਮੇਲਿਆਂ ਦੌਰਾਨ ਸਾਰੀਆਂ ਨੌਕਰੀਆਂ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਦਿੱਤੀਆਂ ਗਈਆਂ ਹਨ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 569 (ਸੀ.ਯੂ.)

------

## ਮਤੇ ਤੇ ਰੋਕ

***570.(ਸੀ.ਯੂ.) ਸ਼੍ਰੀ ਸੋਮ ਪ੍ਰਕਾਸ਼:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਗਵਾੜਾ, ਮਿਉਂਸਿਪਲ ਕਾਰਪੋਰੇਸ਼ਨ ਵੱਲੋਂ ਭੇਜੇ ਗਏ ਮਤਾ ਨੰ: 45 ਤੋਂ 50 ਮਿਤੀ 25.7.16 ਦੀ ਪ੍ਰਵਾਨਗੀ ਸਰਕਾਰ ਵਲੋਂ ਰੋਕੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ:** ਨਹੀਂ ਜੀ, ਨਗਰ ਨਿਗਮ, ਫਗਵਾੜਾ ਦੇ ਮਤਾ ਨੰ: 45-50 ਇਸ ਵਿਭਾਗ ਦੇ ਹੁਕਮ ਨੰ: ਡਸਸ/ਮਸਸ/2017/65362, ਮਿਤੀ 31.10.2017 ਰਾਹੀਂ ਪ੍ਰਵਾਨ ਕੀਤੇ ਜਾ ਚੁੱਕੇ ਹਨ।

-----

## ਸਹਿਕਾਰੀ ਬੈਂਕਾਂ ਦੇ ਸਕੱਤਰਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਦੇਣਾ

***572.(ਸੀ.ਯੂ.) ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫੰਡਾਂ ਦੀ ਘਾਟ ਕਰਕੇ ਸਹਿਕਾਰੀ ਬੈਂਕ ਦੇ ਸਕੱਤਰਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਗਈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਆਪਣੇ ਸਰਕਾਰੀ ਖਜ਼ਾਨੇ ਵਿਚੋਂ ਇਨ੍ਹਾਂ ਸਕੱਤਰਾਂ ਨੂੰ ਤਨਖਾਹ ਦੇਣ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ?

---

** ਫਾਈਨਲ ਪ੍ਰਿੰਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ।

----

## ਸਹਿਕਾਰੀ ਬੈਂਕਾਂ ਦਾ ਕਰਜ਼ਾ ਰਾਸ਼ੀ ਦੀ ਰਿਕਵਰੀ ਦਾ ਵੇਰਵਾ

***573.(ਸੀ.ਯੂ.) ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਹਿਕਾਰੀ ਬੈਂਕਾਂ ਦਾ ਕਰਜ਼ਾ ਰਾਸ਼ੀ ਦੀ ਰਿਕਵਰੀ ਸਾਲ 2016 ਅਤੇ ਸਾਲ 2017 ਮਿਤੀ ਅੰਤ ਤੱਕ ਕਿੰਨੀ ਕਿੰਨੀ ਹੈ?

**ਕੈਪਟਨ ਅਮਰਿੰਦਰ ਸਿੰਘ:** ਸਹਿਕਾਰੀ ਬੈਂਕਾਂ ਦੇ ਕਰਜ਼ਿਆਂ ਦੀ ਰਿਕਵਰੀ ਦਾ ਸਾਲਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਾਲ | ਰਿਕਵਰੀ ਦੀ ਦਰ | |
|---|---|---|
| | ਫਸਲੀ ਕਰਜ਼ਾ | ਦੂਜੇ ਕਰਜ਼ੇ |
| 2015-16 | 91.93% | 71.51% |
| 2016-17 (30.9.2017 ਤੱਕ) | 41.43% | 41.76% |

-----

## ਪੰਜਾਬ ਵਿਚ ਟਰੈਵਲ ਏਜੰਸੀਆਂ ਦੀ ਗਿਣਤੀ

***577 (ਸੀ.ਯੂ.). ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਕੁੱਲ ਕਿੰਨੀਆਂ ਟਰੈਵਲ ਏਜੰਸੀਆਂ ਹਨ ਜੋ ਲੋਕਾਂ ਨੂੰ ਬਾਹਰ ਭੇਜਣ ਲਈ ਵਿਜ਼ਟਰ-ਵੀਜ਼ਾ/ਸਟੂਡੈਂਟ ਵੀਜ਼ਾ/ਇਮੀਗ੍ਰੇਸ਼ਨ ਵੀਜ਼ਾ ਪ੍ਰਦਾਨ ਕਰਵਾਉਣ ਲਈ ਕੰਮ ਕਰ ਰਹੀਆਂ ਹਨ ਅਤੇ ਇਨ੍ਹਾਂ ਕੰਪਨੀਆਂ ਵੱਲੋਂ ਲੋਕਾਂ ਨਾਲ ਧੋਖਾਧੜੀ ਦੇ ਕਿੰਨੇ ਮੁਕੱਦਮੇ ਦਰਜ ਕੀਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਕੇਸਾਂ ਵਿੱਚ ਦੋਸ਼ੀ ਕੰਪਨੀਆਂ ਉਪਰ ਸਰਕਾਰ ਕੀ ਕਾਰਵਾਈ ਕਰ ਰਹੀ ਹੈ;

(ਅ) ਕੀ ਸਰਕਾਰ ਇਨ੍ਹਾਂ ਏਜੰਸੀਆਂ ਨੂੰ ਰੈਗੂਲੇਟ ਕਰਨ ਲਈ ਕੋਈ ਕਦਮ ਚੁੱਕ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਵਿਸਥਾਰ ਸਹਿਤ ਦੱਸਿਆ ਜਾਵੇ?

**ਕੈਪਟਨ ਅਮਰਿੰਦਰ ਸਿੰਘ:**(ੳ) ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2013 ਅਧੀਨ ਸਬੰਧਤ ਡਿਪਟੀ ਕਮਿਸ਼ਨਰਾਂ ਪਾਸ 4816 ਟਰੈਵਲ ਏਜੰਟ ਰਜਿਸਟਰਡ ਹਨ। ਪ੍ਰੋਟੈਕਟੋਰੇਟ ਆਫ ਇਮੀਗਰੇਸ਼ਨ ਐਕਟ, 1983 ਅਧੀਨ 69 ਭਾਰਤੀ ਏਜੰਟ ਰਜਿਸਟਰਡ ਹਨ। ਪਿਛਲੇ ਤਿੰਨ ਸਾਲਾਂ 2017, 2018 ਅਤੇ 2019 ਦੌਰਾਨ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2013, ਪ੍ਰੋਟੈਕਟੋਰੇਟ ਆਫ ਇਮੀਗਰੇਸ਼ਨ ਐਕਟ, 1983 ਅਤੇ ਭਾਰਤੀ ਦੰਡਾਵਾਲੀ ਦੀ ਧਾਰਾ 420 ਦੇ ਤਹਿਤ ਲੋਕਾਂ ਨਾਲ ਧੋਖਾਧੜੀ ਦੇ ਹੁਣ ਤੱਕ 3220 ਮੁਕੱਦਮੇ ਦਰਜ ਕੀਤੇ ਜਾ ਚੁੱਕੇ ਹਨ। ਵੇਰਵਾ **'ਅਨੁਲੱਗ ੳ'** ਵਿਚ ਦਿੱਤਾ ਗਿਆ ਹੈ।

(ਅ) ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2013 ਅਨੁਸਾਰ ਹਰ ਇੱਕ ਟਰੈਵਲ ਏਜੰਟ ਨੂੰ ਇਹ ਕੰਮ ਕਰਨ ਲਈ ਲਾਇਸੰਸ ਲੈਣਾ ਜ਼ਰੂਰੀ ਹੈ । ਰਜਿਸਟਰਡ ਟਰੈਵਲ ਏਜੰਟਾਂ ਦਾ ਵੇਰਵਾ ਡਿਪਟੀ ਕਮਿਸ਼ਨਰਾਂ ਵੱਲੋਂ ਉਨ੍ਹਾਂ ਦੀਆਂ ਵੈਬਸਾਈਟਾਂ ਤੇ ਅਪਲੋਡ ਕੀਤਾ ਗਿਆ ਹੈ। ਸਰਕਾਰ ਪੰਜਾਬ ਰਾਜ ਵਿੱਚ ਟਰੈਵਲ ਏਜੰਟਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਰੋਕਣ ਅਤੇ ਉਕਤ ਐਕਟਾਂ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

**'ਅਨੁਲੱਗ ੳ'**

| ਪੰਜਾਬ ਵਿੱਚ ਰਜਿਸਟਰਡ ਟਰੈਵਲ ਏਜੰਸੀਆਂ | | | |
|---|---|---|---|
| ਲੜੀ ਨੰ: | ਜ਼ਿਲ੍ਹਾ | ਟਰੈਵਲ ਏਜੰਸੀਆਂ ਜੋ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2013 ਅਧੀਨ ਰਜਿਸਟਰਡ ਹਨ | ਟਰੈਵਲ ਏਜੰਸੀਆਂ ਜੋ ਪ੍ਰੋਟੈਕਟੋਰੇਟ ਆਫ ਇਮੀਗ੍ਰੇਸ਼ਨ, ਬਾਹਰੀ, ਮਾਮਲੇ ਮੰਤਰਾਲਾ ਅਧੀਨ ਇਮੀਗ੍ਰੇਸ਼ਨ ਐਕਟ, 1983 ਦੇ ਨਾਲ ਰਜਿਸਟਰਡ ਹਨ। |
| 1 | ਅੰਮ੍ਰਿਤਸਰ | 528 | 1 |
| 2 | ਲੁਧਿਆਣਾ | 789 | 5 |
| 3 | ਜਲੰਧਰ | 1027 | 26 |
| 4 | ਬਠਿੰਡਾ | 90 | 2 |
| 5 | ਬਰਨਾਲਾ | 88 | 1 |

| | | | |
|---|---|---|---|
| 6 | ਫਿਰੋਜ਼ਪੁਰ | 74 | 0 |
| 7 | ਫਰੀਦਕੋਟ | 78 | 0 |
| 8 | ਫਤਿਹਗੜ੍ਹ ਸਾਹਿਬ | 53 | 1 |
| 9 | ਫਾਜ਼ਿਲਕਾ | 9 | 0 |
| 10 | ਗੁਰਦਾਸਪੁਰ | 163 | 2 |
| 11 | ਹੁਸ਼ਿਆਰਪੁਰ | 192 | 11 |
| 12 | ਕਪੂਰਥਲਾ | 240 | 1 |
| 13 | ਮੋਗਾ | 317 | 1 |
| 14 | ਸ੍ਰੀ ਮੁਕਤਸਰ ਸਾਹਿਬ | 58 | 0 |
| 15 | ਮਾਨਸਾ | 28 | 0 |
| 16 | ਪਟਿਆਲਾ | 312 | 1 |
| 17 | ਪਠਾਨਕੋਟ | 18 | 0 |
| 18 | ਰੂਪਨਗਰ | 99 | 2 |
| 19 | ਸੰਗਰੂਰ | 115 | 0 |
| 20 | ਐਸ.ਏ.ਐਸ.ਨਗਰ | 343 | 14 |
| 21 | ਐਸ.ਬੀ.ਐਸ.ਨਗਰ | 158 | 1 |
| 22 | ਤਰਨਤਾਰਨ | 37 | 0 |
| | ਕੁੱਲ | 4816 | 69 |
| | ਕੁੱਲ ਜੋੜ | 4885 | |

ਪੰਜਾਬ ਵਿੱਚ ਟਰੈਵਲ ਏਜੰਸੀਆਂ ਦੇ ਖਿਲਾਫ ਦਰਜ ਮੁਕੱਦਮੇ (ਸਾਲ 2017,2018 = 2019)

| ਲੜੀ ਨੰ: | ਜਿਲ੍ਹਾ | ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ, 2012 (ਪੰਜਾਬ ਪ੍ਰਫੈਸ਼ਨਲ ਰੈਗੁਲੇਸ਼ਨ ਰੂਲਜ਼ 2013) | | | ਭਾਰਤੀ ਦੰਡਾਵਲੀ ਧਾਰਾ 420 ਤਹਿਤ ਦਰਜ ਮੁਕੱਦਮੇ | | | ਇਮੀਗਰੇਸ਼ਨ ਐਕਟ, 1983 ਤਹਿਤ ਦਰਜ ਮੁਕੱਦਮੇ | | | ਕੁੱਲ |
|---|---|---|---|---|---|---|---|---|---|---|---|
| | | 2017 | 2018 | 2019 | 2017 | 2018 | 2019 | 2017 | 2018 | 2019 | |
| 1 | ਕਮਿਸ਼ਨਰੇਟ ਅੰਮ੍ਰਿਤਸਰ | 23 | 24 | 31 | 24 | 16 | 46 | 0 | 0 | 0 | 164 |
| 2 | ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ ਦਿਹਾਤੀ | 7 | 14 | 38 | 12 | 6 | 14 | 0 | 0 | 0 | 91 |
| 3 | ਕਮਿਸ਼ਨਰੇਟ ਲੁਧਿਆਣਾ | 0 | 138 | 20 | 23 | 37 | 17 | 24 | 52 | 92 | 403 |
| 4 | ਸੀਨੀਅਰ ਪੁਲਿਸ ਕਪਤਾਨ, ਲੁਧਿਆਣਾ ਦਿਹਾਤੀ | 0 | 0 | 1 | 1 | 0 | 0 | 1 | 6 | 0 | 9 |
| 5 | ਕਮਿਸ਼ਨਰੇਟ ਜਲੰਧਰ | 20 | 18 | 63 | 32 | 18 | 5 | 15 | 38 | 9 | 218 |
| 6 | ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ | 8 | 29 | 36 | 37 | 13 | 23 | 9 | 2 | 0 | 157 |
| 7 | ਸੀਨੀਅਰ ਪੁਲਿਸ ਕਪਤਾਨ, ਬਟਾਲਾ | 0 | 10 | 21 | 27 | 40 | 30 | 0 | 0 | 0 | 128 |
| 8 | ਸੀਨੀਅਰ ਪੁਲਿਸ ਕਪਤਾਨ, ਬਠਿੰਡਾ | 0 | 0 | 0 | 5 | 11 | 13 | 0 | 0 | 0 | 29 |
| 9 | ਸੀਨੀਅਰ ਪੁਲਿਸ ਕਪਤਾਨ, ਬਰਨਾਲਾ | 0 | 14 | 5 | 12 | 32 | 28 | 0 | 1 | 0 | 92 |
| 10 | ਸੀਨੀਅਰ ਪੁਲਿਸ ਕਪਤਾਨ, ਫਿਰੋਜਪੁਰ | 0 | 0 | 1 | 16 | 51 | 10 | 0 | 0 | 0 | 78 |
| 11 | ਸੀਨੀਅਰ ਪੁਲਿਸ ਕਪਤਾਨ, ਫਰੀਦਕੋਟ | 0 | 17 | 23 | 14 | 15 | 3 | 0 | 0 | 0 | 72 |
| 12 | ਸੀਨੀਅਰ ਪੁਲਿਸ ਕਪਤਾਨ, ਫਤਿਹਗੜ੍ਹ ਸਾਹਿਬ | 0 | 0 | 0 | 8 | 15 | 1 | 0 | 0 | 0 | 24 |
| 13 | ਸੀਨੀਅਰ ਪੁਲਿਸ ਕਪਤਾਨ, ਫਾਜਿਲਕਾ | 0 | 0 | 0 | 1 | 2 | 0 | 0 | 0 | 0 | 3 |
| 14 | ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ | 0 | 8 | 7 | 15 | 26 | 20 | 1 | 0 | 0 | 77 |
| 15 | ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ | 1 | 9 | 4 | 28 | 45 | 40 | 40 | 48 | 24 | 239 |
| 16 | ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ | 1 | 24 | 22 | 32 | 31 | 21 | 15 | 4 | 5 | 155 |
| 17 | ਸੀਨੀਅਰ ਪੁਲਿਸ ਕਪਤਾਨ, ਖੰਨਾ | 2 | 3 | 0 | 13 | 36 | 14 | 1 | 7 | 4 | 80 |

| | | | | | | | | | | |
|---|---|---|---|---|---|---|---|---|---|---|
| 18 ਸੀਨੀਅਰ ਪੁਲਿਸ ਕਪਤਾਨ, ਮੋਗਾ | 1 | 22 | 3 | 33 | 27 | 38 | 4 | 0 | 0 | 128 |
| 19 ਸੀਨੀਅਰ ਪੁਲਿਸ ਕਪਤਾਨ, ਸ੍ਰੀ ਮੁਕਤਸਰ ਸਾਹਿਬ | 0 | 0 | 0 | 0 | 3 | 1 | 0 | 0 | 0 | 4 |
| 20 ਸੀਨੀਅਰ ਪੁਲਿਸ ਕਪਤਾਨ, ਮਾਨਸਾ | 0 | 0 | 0 | 0 | 0 | 0 | 0 | 0 | 0 | 15 |
| 21 ਸੀਨੀਅਰ ਪੁਲਿਸ ਕਪਤਾਨ, ਪਟਿਆਲਾ | 15 | 96 | 39 | 1 | 11 | 19 | 0 | 2 | 2 | 170 |
| 22 ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ | 0 | 10 | 6 | 9 | 6 | 4 | 0 | 0 | 3 | 38 |
| 23 ਸੀਨੀਅਰ ਪੁਲਿਸ ਕਪਤਾਨ, ਰੂਪਨਗਰ | 0 | 1 | 0 | 20 | 40 | 30 | 2 | 2 | 3 | 98 |
| 24 ਸੀਨੀਅਰ ਪੁਲਿਸ ਕਪਤਾਨ, ਸੰਗਰੂਰ | 0 | 0 | 0 | 18 | 12 | 6 | 8 | 2 | 0 | 46 |
| 25 ਸੀਨੀਅਰ ਪੁਲਿਸ ਕਪਤਾਨ, ਐਸ.ਏ.ਐਸ. ਨਗਰ | 0 | 10 | 29 | 27 | 74 | 32 | 79 | 106 | 44 | 401 |
| 26 ਸੀਨੀਅਰ ਪੁਲਿਸ ਕਪਤਾਨ, ਐਸ.ਬੀ.ਐਸ. ਨਗਰ | 0 | 3 | 77 | 38 | 53 | 8 | 1 | 0 | 0 | 180 |
| 27 ਸੀਨੀਅਰ ਪੁਲਿਸ ਕਪਤਾਨ, ਤਰਨਤਾਰਨ | 0 | 17 | 21 | 21 | 32 | 29 | 0 | 1 | 0 | 121 |
| **Grand Total** | **78** | **467** | **447** | **467** | **652** | **452** | **200** | **271** | **186** | **3220** |

---------

## ਚਿੱਟੀ ਮੱਖੀ ਨਾਲ ਪ੍ਰਭਾਵਿਤ ਨਰਮੇ ਦੀ ਫਸਲ ਸਬੰਧੀ ਬਣਾਈ ਕਮੇਟੀ ਦੀ ਰਿਪੋਰਟ

***578.(ਸੀ.ਯੂ.) ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਯੋਗ ਮੁੱਖ ਮੰਤਰੀ ਪਿੰਡ ਸਾਹਨੇਵਾਲ ਅਤੇ ਪਿੰਡ ਖਿਆਲਾ ਕਲਾਂ, ਜ਼ਿਲ੍ਹਾ ਮਾਨਸਾ ਵਿੱਚ ਚਿੱਟੀ ਮੱਖੀ ਨਾਲ ਪ੍ਰਭਾਵਿਤ ਨਰਮੇ ਦੀ ਫਸਲ ਦੇਖਣ ਆਏ ਸਨ ਅਤੇ ਅਸਲੀਅਤ ਨੂੰ ਜਾਣਨ ਲਈ ਉਨ੍ਹਾਂ ਵੱਲੋਂ ਕੋਈ ਇਨਕੁਆਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਕਮੇਟੀ ਦੀ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ।

------

## ਹਲਕਾ ਅਬੋਹਰ ਵਿਚ ਪੈਂਦੀਆਂ ਬੇ-ਚਰਾਗ ਢਾਣੀਆਂ ਦੇ ਵਸਨੀਕਾਂ ਨੂੰ ਬਿਜਲੀ ਸਪਲਾਈ

***579.(ਸੀ.ਯੂ.) ਸ਼੍ਰੀ ਅਰੁਣ ਨਾਰੰਗ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਅਬੋਹਰ ਵਿਚ ਬੇ-ਚਰਾਗ ਪੈਂਦੀਆਂ ਢਾਣੀਆਂ ਦੇ ਵਸਨੀਕਾਂ ਨੂੰ 8 ਘੰਟੇ ਬਿਜਲੀ ਸਪਲਾਈ ਦੇਣ ਦੀ ਬਜਾਏ ਸਰਕਾਰ ਦੀ ਪਾਲਿਸੀ ਅਨੁਸਾਰ 24 ਘੰਟੇ ਬਿਜਲੀ ਸਪਲਾਈ ਦੀ ਸਹੂਲਤ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਸਹੂਲਤ ਕਦੋਂ ਤੱਕ ਦੇ ਦਿੱਤੀ ਜਾਵੇਗੀ?

**ਰਾਣਾ ਗੁਰਜੀਤ ਸਿੰਘ:** ਬੇ-ਚਰਾਗ ਢਾਣੀਆਂ ਨੂੰ 24 ਘੰਟੇ ਯੂ.ਪੀ.ਐਸ.ਸਪਲਾਈ ਨਾਲ ਜੋੜਨ ਦੀ ਸਰਕਾਰ ਦੀ ਕੋਈ ਪਾਲਿਸੀ ਨਹੀਂ ਹੈ।

------

## ਜ਼ਿਲ੍ਹਾ ਫਾਜ਼ਿਲਕਾ ਵਿਚ ਸਿੰਜਾਈ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨਾ

***580.(ਸੀ.ਯੂ.) ਸ਼੍ਰੀ ਅਰੁਣ ਨਾਰੰਗ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਾਜ਼ਿਲਕਾ ਦੀ ਦੌਲਤਪੁਰਾ ਮਾਈਨਰ ਅਤੇ ਮਲੂਕਪੁਰਾ ਮਾਈਨਰ ਵਿਚੋਂ ਅੱਗੇ ਟੇਲਾਂ ਤੇ ਪੈਂਦੇ ਪਿੰਡ ਪੰਨੀ ਵਾਲਾ, ਗੁਮਜਾਲ, ਜੰਡਵਾਲ, ਅਸਮਾਨ ਖੇੜਾਂ, ਕਲਰ ਖੇੜਾ, ਅਚੜੀਕੀ ਅਤੇ ਪੰਜਾਵਾ ਦੇ ਖੇਤਾਂ ਨੂੰ ਪੂਰਾ ਪਾਣੀ ਨਾ ਪਹੁੰਚਣ ਕਾਰਨ ਸਿੰਚਾਈ ਵਾਲੇ ਪਾਣੀ ਦੀ ਬਣੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵਲੋਂ ਕੋਈ ਉਪਰਾਲੇ ਕੀਤੇ ਜਾ ਰਹੇ ਹਨ?

**ਰਾਣਾ ਗੁਰਜੀਤ ਸਿੰਘ :** ਜੀ ਹਾਂ, ਮਲੂਕਪੁਰ ਰਜਬਾਹਾ ਅਤੇ ਦੌਲਤਪੁਰਾ ਮਾਈਨਰ ਦੀ ਪਿਛਲੇ ਲੰਮੇ ਸਮੇਂ ਦੌਰਾਨ ਸਫਾਈ ਨਾ ਹੋਣ ਕਾਰਨ ਟੇਲਾਂ ਤੇ ਪਾਣੀ ਪਹੁੰਚਣ ਦੀ ਕੁਝ ਸਮੱਸਿਆ ਸੀ। ਹੁਣ ਦੌਲਤਪੁਰਾ ਮਾਈਨਰ ਅਤੇ ਮਲੂਕਪੁਰ ਰਜਬਾਹਾ ਦੇ ਟੇਲ ਵਾਲੇ ਹਿੱਸੇ ਤਕਰੀਬਨ 30 ਕਿਲੋਮੀਟਰ ਦੀ ਸਫਾਈ ਹਿੱਸੇਦਾਰਾਂ ਵੱਲੋਂ ਮਹੀਨਾ ਸਤੰਬਰ, 2017 ਵਿਚ ਕਰ ਦਿੱਤੀ ਗਈ ਸੀ ਜਿਸ ਨਾਲ ਟੇਲ ਤੇ ਨਹਿਰੀ ਪਾਣੀ ਦੀ ਪਹੁੰਚ ਵਿੱਚ ਕਾਫੀ ਸੁਧਾਰ ਹੋ ਗਿਆ ਹੈ । ਹੁਣ ਸਰਕਾਰ ਵੱਲੋਂ ਮਲੂਕਪੁਰ ਰਜਬਾਹਾ ਦੀ ਬਾਕੀ ਰਹਿੰਦੇ 60 ਕਿਲੋਮੀਟਰ ਦੀ ਸਫਾਈ ਲਈ ਫੰਡ ਜਾਰੀ ਕਰ ਦਿੱਤੇ ਗਏ ਹਨ ਅਤੇ ਸਫਾਈ ਦਾ ਕੰਮ ਜਲਦੀ ਹੀ ਜਦੋਂ ਵੀ ਨਹਿਰੀ ਦੀ ਬੰਦੀ ਲਈ ਜਾ ਸਕੇਗੀ ਜਾਂ

ਕਣਕ ਦੀ ਬਿਜਾਈ ਤੋਂ ਬਾਅਦ ਕਰਵਾ ਦਿੱਤਾ ਜਾਵੇਗਾ ਜਿਸ ਨਾਲ ਟੇਲ ਹਿੱਸੇ ਤੇ ਪੈਂਦੇ ਕਿਸਾਨਾਂ ਨੂੰ ਪੂਰਾ ਪਾਣੀ ਮਿਲ ਸਕੇਗਾ।

-----

## ਸਿਵਲ ਹਸਪਤਾਲ ਗੋਰਾਇਆ ਨੂੰ ਚਾਲੂ ਕਰਨਾ

***582.(ਸੀ.ਯੂ.) ਸ਼੍ਰੀ ਬਲਦੇਵ ਸਿੰਘ ਖਹਿਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 10 ਬੈਂਡਾਂ ਵਾਲਾ ਸਿਵਲ ਹਸਪਤਾਲ, ਗੋਰਾਇਆ (ਜ਼ਿਲ੍ਹਾ ਜਲੰਧਰ) ਜਿਸ ਦੀ ਬਿਲਡਿੰਗ ਬਿਲਕੁਲ ਤਿਆਰ ਹੋ ਚੁੱਕੀ ਹੈ; ਨੂੰ ਕਦੋਂ ਤੱਕ ਬਕਾਇਦਾ ਤੌਰ ਤੇ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** 10 ਬਿਸਤਰਿਆਂ ਵਾਲੇ ਸਿਵਲ ਹਸਪਤਾਲ ਗੋਰਾਇਆ (ਜਲੰਧਰ) ਦੀ ਬਿਲਡਿੰਗ ਤਿਆਰ ਹੋ ਚੁੱਕੀ ਹੈ। ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਗੋਰਾਇਆ ਦੇ ਸਟਾਫ ਵੱਲੋਂ 10 ਬਿਸਤਰਿਆਂ ਵਾਲੇ ਸਿਵਲ ਹਸਪਤਾਲ ਗੋਰਾਇਆ (ਜਲੰਧਰ) ਦੇ ਮਰੀਜ਼ਾਂ ਨੂੰ ਪਹਿਲਾਂ ਹੀ ਓ.ਪੀ.ਡੀ.ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ ਇਸ ਸੰਸਥਾ ਵਿਖੇ ਇਕ ਮੈਡੀਕਲ ਅਫਸਰ, ਇਕ ਮੈਡੀਕਲ ਅਫਸਰ ਡੈਂਟਲ, ਇਕ ਮਲਟੀਪਰਪਜ਼ ਲੈਬੋਰਟਰੀ ਟੈਕਨੀਸ਼ੀਅਨ (ਗ੍ਰੇਡ-2), ਇੱਕ ਵਾਰਡ ਸਰਵੈਂਟ, ਇੱਕ ਸਵੀਪਰ ਕੰਮ ਕਰ ਰਹੇ ਹਨ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 588 (ਸੀ.ਯੂ.)**

----

## ਬੁੱਢਲਾਡਾ ਵਿਖੇ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨਾ

***589.(ਸੀ.ਯੂ.) ਸ਼੍ਰੀ ਬੁੱਧ ਰਾਮ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਵਿਚ ਜਿਨ੍ਹਾਂ ਕਿਸਾਨਾਂ ਨੇ ਟਿਊਬਵੈਲ ਕੁਨੈਕਸ਼ਨ ਲਈ ਅਪਲਾਈ ਕੀਤਾ ਸੀ ਅਤੇ ਡਿਮਾਂਡ ਨੋਟਿਸ ਵੀ ਜਾਰੀ ਹੋ ਚੁੱਕੇ ਸਨ ਉਨ੍ਹਾਂ ਕਿਸਾਨਾਂ ਨੇ ਪੂਰੀ ਬਣਦੀ ਰਕਮ ਵੀ ਜਮ੍ਹਾਂ ਕਰਵਾ ਦਿੱਤੀ ਸੀ, ਉਨ੍ਹਾਂ ਨੂੰ ਅਜੇ ਤੱਕ ਕੁਨੈਕਸ਼ਨ ਜਾਰੀ ਨਹੀਂ ਕੀਤਾ ਗਿਆ;

** ਫਾਈਨਲ ਪ੍ਰਿੰਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

[ਸ਼੍ਰੀ ਬੁੱਧ ਰਾਮ]

(ਅ) ਜੇਕਰ ਅਜਿਹਾ ਹੋਵੇ ਤਾਂ ਇਹੋ ਜਿਹੇ ਯੋਗ ਕਿਸਾਨਾਂ ਨੂੰ ਕਿੰਨੇ ਸਮੇਂ ਵਿੱਚ ਟਿਊਬਵੈੱਲ ਕੁਨੈਕਸ਼ਨ ਜਾਰੀ ਕਰ ਦਿੱਤਾ ਜਾਵੇਗਾ?

**ਰਾਣਾ ਗੁਰਜੀਤ ਸਿੰਘ :** (ੳ) ਹਾਂ ਜੀ, ਬੁੱਢਲਾਡਾ ਹਲਕਾ ਵਿਚ 3268 ਨੰਬਰ ਯੋਗ ਬਿਨੈਕਾਰਾਂ ਵਲੋਂ ਡਿਮਾਂਡ ਨੋਟਿਸ ਦੀ ਪਾਲਣਾ ਤਹਿਤ ਪੂਰੀ ਰਕਮ ਜਮ੍ਹਾਂ ਕਰਵਾਈ ਗਈ ਸੀ ਉਨ੍ਹਾਂ ਵਿਚੋਂ 3252 ਬਿਨੈਕਾਰਾਂ ਨੂੰ ਕੁਨੈਕਸ਼ਨ ਜਾਰੀ ਕੀਤੇ ਜਾ ਚੁੱਕੇ ਹਨ । 16 ਨੰਬਰ ਬਿਨੈਕਾਰਾਂ ਨੂੰ ਕੁਨੈਕਸ਼ਨ ਜਾਰੀ ਕਰਨੇ ਬਾਕੀ ਹਨ।

(ਅ) ਬਾਕੀ ਰਹਿੰਦੇ 16 ਨੰਬਰ ਯੋਗ ਬਿਨੈਕਾਰਾਂ ਨੂੰ ਜਲਦੀ ਹੀ ਟਿਊਬਵੈੱਲ ਕੁਨੈਕਸ਼ਨ ਜਾਰੀ ਕਰ ਦਿੱਤੇ ਜਾਣਗੇ।

-----

## ਸੇਵਾ ਕੇਂਦਰਾਂ ਦੀ ਗਿਣਤੀ

***591.(ਸੀ.ਯੂ.) 1. ਸ਼੍ਰੀ ਬੁੱਧ ਰਾਮ**
**2. ਸਰਦਾਰ ਸੁਖਪਾਲ ਸਿੰਘ ਖਹਿਰਾ** :ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿਚ ਕਿੰਨੇ ਸੇਵਾ ਕੇਂਦਰ ਕੰਮ ਕਰ ਰਹੇ ਹਨ ਅਤੇ ਇਹ ਕਿੰਨੀਆਂ ਪ੍ਰਕਾਰ ਦੀਆਂ ਸੇਵਾਵਾਂ ਦੇ ਰਹੇ ਹਨ;

(ਅ) ਕੀ ਇਨ੍ਹਾਂ ਸੇਵਾ ਕੇਂਦਰਾਂ ਵਿਚ ਲੋੜੀਂਦਾ ਅਮਲਾ ਪੂਰਾ ਹੈ ਅਤੇ ਕੀ ਪੰਜਾਬ ਵਿਚ ਕੋਈ ਸੇਵਾ ਕੇਂਦਰ ਬੰਦ ਕਰਨ ਦੀ ਯੋਜਨਾ ਹੈ; ਜੇਕਰ ਹੈ ਤਾਂ ਇਹ ਬੰਦ ਕਰਨ ਦੇ ਕੀ ਕਾਰਨ ਹਨ ਜਦੋਂ ਕਿ ਇਹ ਖਾਸ ਕਰਕੇ ਪੇਂਡੂ ਖੇਤਰ ਵਿਚ ਵਧੀਆ ਸੇਵਾਂਵਾਂ ਦੇ ਰਹੇ ਹਨ;

(ੲ) ਕੀ ਪੰਜਾਬ ਦੇ ਹੋਰ ਪਿੰਡਾਂ ਵਿਚ (ਜਿੱਥੇ ਲੋੜ ਹੈ) ਸੇਵਾ ਕੇਂਦਰ ਖੋਲ੍ਹੇ ਜਾ ਰਹੇ ਹਨ;

(ਸ) ਰਾਜ ਵਿਚ 31.3.2017 ਤੱਕ ਕਿੰਨੇ ਸੇਵਾ ਕੇਂਦਰ ਬਣ ਕੇ ਤਿਆਰ ਸਨ ਅਤੇ ਇਨ੍ਹਾਂ ਤੇ ਕਿੰਨੀ ਲਾਗਤ ਆਈ ਸੀ; ਇਨ੍ਹਾਂ ਸੇਵਾ ਕੇਂਦਰਾਂ ਵਿਚੋਂ ਕਿੰਨੇ ਅਪ੍ਰੇਸ਼ਨ ਵਿਚ ਹਨ ਅਤੇ ਕਿੰਨੇ 30.10.2017 ਤੱਕ ਬੰਦ ਕਰ ਦਿੱਤੇ ਗਏ ਹਨ?

**ਕੈਪਟਨ ਅਮਰਿੰਦਰ ਸਿੰਘ:** (ੳ) ਪੰਜਾਬ ਵਿਚ 2139 ਸੇਵਾ ਕੇਂਦਰ ਚਾਲੂ ਹਨ। ਇਨ੍ਹਾਂ ਸੇਵਾ ਕੇਂਦਰਾਂ ਰਾਹੀਂ 22 ਵਿਭਾਗਾਂ ਦੀਆਂ 171 ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

(ਅ) ਜੀ ਹਾਂ। ਸਰਵਿਸ ਓਪਰੇਟਰ ਵਲੋਂ ਸੇਵਾ ਕੇਂਦਰ ਚਲਾਏ ਜਾ ਰਹੇ ਹਨ ਅਤੇ ਇਨ੍ਹਾਂ ਦਾ ਰੱਖ-ਰਖਾਵ ਕੀਤਾ ਜਾ ਰਿਹਾ ਹੈ। ਇਨ੍ਹਾਂ ਸੇਵਾ ਕੇਂਦਰਾਂ ਤੇ ਕੰਮ ਕਰਨ ਵਾਲਾ ਲੋੜੀਂਦਾ ਸਟਾਫ ਵੀ ਸਰਵਿਸ ਓਪਰੇਟਰ ਵੱਲੋਂ ਹੀ ਦਿੱਤਾ ਗਿਆ ਹੈ। ਸੇਵਾ ਕੇਂਦਰਾਂ ਨੂੰ ਤਰਕਸੰਗਤ ਕਰਨ ਅਤੇ ਇਨ੍ਹਾਂ ਦੀ ਗਿਣਤੀ ਘਟਾਉਣ ਦੀ ਪ੍ਰਕਿਰਿਆ ਜਾਰੀ ਹੈ ਕਿਉਂਕਿ ਜ਼ਿਆਦਾਤਰ ਟਾਈਪ III ਸੇਵਾ ਕੇਂਦਰਾਂ ਵਿਚ ਪ੍ਰਤੀ ਕਾਊਂਟਰ ਪ੍ਰਤੀ ਦਿਨ 40-45 ਟ੍ਰਾਂਜੈਕਸ਼ਨਾਂ ਦੀ ਸਮਰਥਾ ਦੇ ਬਾਵਜੂਦ ਪ੍ਰਤੀ ਦਿਨ 8 ਤੋਂ ਵੀ ਘੱਟ ਟ੍ਰਾਂਜੈਕਸ਼ਨਾਂ ਹੋ ਰਹੀਆਂ ਹਨ। ਜਿਸ ਕਾਰਨ ਇਨ੍ਹਾਂ ਸੇਵਾ ਕੇਂਦਰਾਂ ਵਾਸਤੇ ਸਰਵਿਸ ਓਪਰੇਟਰ ਨੂੰ ਬਿਨਾਂ ਪੂਰਾ ਕੰਮ ਕੀਤੇ ਹੀ ਸਰਕਾਰੀ ਖਜ਼ਾਨੇ ਵਿਚੋਂ ਪੈਸਾ ਦੇਣਾ ਪੈ ਰਿਹਾ ਹੈ। ਇਸ ਵਜੋਂ ਸਰਕਾਰ ਨੂੰ ਇਨ੍ਹਾਂ ਸੇਵਾ ਕੇਂਦਰਾਂ ਨੂੰ ਚਲਾਉਣ ਲਈ ਸਰਕਾਰੀ ਖਜ਼ਾਨੇ ਉਤੇ ਲਗਭਗ 222 ਕਰੋੜ ਰੁਪਏ ਪ੍ਰਤੀ ਸਾਲ ਦਾ ਭਾਰੀ ਵਿੱਤੀ ਬੋਝ ਪੈ ਰਿਹਾ ਹੈ।

(ੲ) ਨਵੇਂ ਸੇਵਾ ਕੇਂਦਰ ਖੋਲ੍ਹਣ ਦੀ ਅਜੇ ਕੋਈ ਲੋੜ ਨਹੀਂ ਮਹਿਸੂਸ ਕੀਤੀ ਗਈ ਹੈ ਕਿਉਂਕਿ ਹੌਲੀ-ਹੌਲੀ ਮੋਬਾਈਲ ਐਪਸ ਅਤੇ ਕਈ ਹੋਰ ਬਦਲਵੇਂ ਢੰਗਾਂ ਰਾਹੀਂ ਸੇਵਾਵਾਂ ਮੁਹੱਈਆ ਕਰਵਾਉਣ ਵਾਸਤੇ ਉਪਰਾਲੇ ਜਾਰੀ ਹਨ ਅਤੇ ਅਜਿਹੇ ਬਦਲਵੇਂ ਢੰਗਾਂ ਰਾਹੀਂ ਸੇਵਾਵਾਂ ਮੁਹੱਈਆ ਕਰਵਾਉਣ ਨਾਲ ਇਨ੍ਹਾਂ ਸੇਵਾ ਕੇਂਦਰਾਂ ਉਤੇ ਆਵਾਜਾਈ ਹੋਰ ਵੀ ਘੱਟਣ ਦਾ ਅਨੁਮਾਨ ਹੈ।

(ਸ) ਮਿਤੀ 31.3.2017 ਤੱਕ ਰਾਜ ਵਿੱਚ 2142 ਸੇਵਾ ਕੇਂਦਰ ਬਣ ਕੇ ਤਿਆਰ ਹੋ ਗਏ ਸਨ। ਰਾਜ ਸਰਕਾਰ ਵਲੋਂ ਇਨ੍ਹਾਂ ਸੇਵਾ ਕੇਂਦਰਾਂ ਨੂੰ ਸਥਾਪਤ ਕਰਨ ਤੇ 396.50 ਕਰੋੜ ਰੁਪਏ ਖਰਚੇ ਕੀਤੇ ਗਏ ਹਨ। ਸਾਰੇ ਸੇਵਾ ਕੇਂਦਰ ਮਿਤੀ 31.10.2017 ਤੱਕ ਚਾਲੂ ਹਨ।

------

## ਪਿੰਡ ਹਿੰਮਤਪੁਰਾ ਅਤੇ ਸੈਦੋਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚੋਂ ਲੰਘਦੀ ਡਰੇਨ ਦੀ ਸਫਾਈ

***596. (ਸੀ.ਯੂ.) ਸਰਦਾਰ ਮਨਜੀਤ ਸਿੰਘ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

[ਸਰਦਾਰ ਮਨਜੀਤ ਸਿੰਘ]

(ੳ) ਕੀ ਇਹ ਠੀਕ ਹੈ ਕਿ ਪਿੰਡ ਹਿੰਮਤਪੁਰਾ ਅਤੇ ਸੈਦਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚੋਂ ਦੀ ਡਰੇਨ ਲੰਘਦੀ ਹੈ ਜਿਸ ਦੀ ਸਫਾਈ ਨਾ ਹੋਣ ਕਾਰਨ ਉਸ ਵਿਚ ਪਾਣੀ ਖੜ੍ਹਾ ਰਹਿੰਦਾ ਹੈ ਅਤੇ ਘਾਹ ਬੂਟੀਆਂ ਬਹੁਤ ਹੋਣ ਕਾਰਨ ਪਾਣੀ ਬਦਬੂ ਮਾਰਦਾ ਹੈ ਜਿਸ ਕਾਰਨ ਉਥੇ ਪਲਦੇ ਸੱਪ ਰਿਹਾਇਸ਼ੀ ਘਰਾਂ ਵਿਚ ਆ ਜਾਂਦੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਕਤ ਡਰੇਨ ਦੀ ਕਦੋਂ ਤੱਕ ਸਫਾਈ ਕੀਤੇ ਜਾਣ ਦੀ ਸੰਭਾਵਨਾ ਹੈ?

**ਰਾਣਾ ਗੁਰਜੀਤ ਸਿੰਘ :** (ੳ) ਇਹ ਸਹੀ ਹੈ ਜੀ।

(ਅ) ਇਸ ਡਰੇਨ ਦੀ ਸਫਾਈ ਦੇ ਕੰਮ ਦਾ ਅਨੁਮਾਨ ਮਗਨਰੇਗਾ ਅਧੀਨ ਮਨਜ਼ੂਰ ਹੋ ਚੁੱਕਾ ਹੈ ਅਤੇ ਸਫਾਈ ਦਾ ਕੰਮ ਮਿਤੀ 31.3.2018 ਤੱਕ ਪੂਰਾ ਕਰਵਾ ਦਿੱਤਾ ਜਾਵੇਗਾ।

-----

## ਰਾਏਕੋਟ ਰਜਬਾਹਾ ਦੇ ਹੈੱਡ ਤੋਂ ਲੈ ਕੇ 70 ਨੰਬਰ ਬੁਰਜੀ ਤੱਕ ਦੀ ਸਫਾਈ

***597.(ਸੀ.ਯੂ.) ਸਰਦਾਰ ਮਨਜੀਤ ਸਿੰਘ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਰਾਏਕੋਟ ਰਜਬਾਹਾ ਦੇ ਹੈੱਡ ਤੋਂ ਲੈ ਕੇ ਬੁਰਜੀ ਨੰਬਰ 70 ਤੱਕ ਗਾਰ ਫਸੀ ਹੋਣ ਕਰਕੇ ਇਸ ਦਾ ਪਾਣੀ ਬਿਲਾਸਪੁਰ, ਤਖਤੂਪੁਰਾ ਸਾਹਿਬ ਧੂੜਕੋਟ ਮਧੇਕੇ ਅਤੇ ਸੈਦੋਕੇ ਪਿੰਡਾਂ ਨੂੰ ਨਹੀਂ ਪਹੁੰਚਦਾ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਰਜਬਾਹੇ ਦੀ ਹੈੱਡ ਤੋਂ ਲੈ ਕੇ 70 ਨੰਬਰ ਬੁਰਜੀ ਤੱਕ ਸਫਾਈ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਰਾਣਾ ਗੁਰਜੀਤ ਸਿੰਘ:** (ੳ) ਇਹ ਸਹੀ ਹੈ ਜੀ।

(ਅ) ਇਸ ਰਜਬਾਹੇ ਦੀ ਅੰਦਰੂਨੀ ਸਫਾਈ ਵਾਸਤੇ ਫੰਡਜ਼ ਜਾਰੀ ਹੋ ਚੁੱਕੇ ਹਨ ਅਤੇ ਸਫਾਈ ਦਾ ਕੰਮ ਦੋ ਮਹੀਨੇ ਵਿਚ ਮੁਕੰਮਲ ਕਰਵਾ ਦਿੱਤਾ ਜਾਵੇਗਾ।

-----

## ਨੈਸ਼ਨਲ ਹਾਈਵੇ 71 ਤੇ ਓਵਰ ਬ੍ਰਿਜ ਜਾਂ ਅੰਡਰ ਬ੍ਰਿਜ ਬਣਾਉਣਾ

***598.(ਸੀ.ਯੂ.) ਸਰਦਾਰ ਮਨਜੀਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇ 71 ਪਿੰਡ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਚੋਂ ਲੰਘਦੀ ਹੈ ਅਤੇ ਕੀ ਇਹ ਵੀ ਠੀਕ ਹੈ ਕਿ ਬਿਲਾਸਪੁਰ ਤੋਂ ਹਿੰਮਤ ਪੁਰਾ ਬਿਲਾਸਪੁਰ ਤੋਂ ਭਾਗੀਕੇ ਅਤੇ ਬਿਲਾਸਪੁਰ ਤੋਂ ਤਖਤੂਪੁਰਾ ਸਾਹਿਬ ਲਿੰਕ ਸੜਕਾਂ ਬਣੀਆਂ ਹੋਈਆਂ ਹਨ ਪਰ ਇਨ੍ਹਾਂ ਲਿੰਕ ਸੜਕਾਂ ਵਾਸਤੇ ਨੈਸ਼ਨਲ ਹਾਈਵੇ 71 ਤੇ ਅੰਡਰ ਬ੍ਰਿਜ ਜਾਂ ਓਵਰ ਬ੍ਰਿਜ ਦਾ ਕੋਈ ਉਪਬੰਧ ਨਹੀਂ ਹੈ ਜਿਸ ਨਾਲ ਇਨ੍ਹਾਂ ਪਿੰਡਾਂ ਨੂੰ ਜਾਣ ਲਈ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਨ੍ਹਾਂ ਪਿੰਡਾਂ ਦੀ ਮੁਸ਼ਕਲ ਹੱਲ ਕਰਨ ਲਈ ਨੈਸ਼ਨਲ ਹਾਈਵੇ 71 ਤੇ ਓਵਰ ਬ੍ਰਿਜ ਜਾਂ ਅੰਡਰ ਬ੍ਰਿਜ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, (ੳ) ਜੀ ਹਾਂ, ਇਹ ਠੀਕ ਹੈ ਬਿਲਾਸਪੁਰ ਬਾਈਪਾਸ ਉਪਰ ਬਿਲਾਸਪੁਰ ਤੋਂ ਹਿੰਮਤਪੁਰਾ, ਬਿਲਾਸਪੁਰ ਤੋਂ ਭਾਗੀਕੇ ਅਤੇ ਬਿਲਾਸਪੁਰ ਤੋਂ ਤਖਤੂਪੁਰਾ ਸਾਹਿਬ ਲਿੰਕ ਸੜਕਾਂ ਉਪਰ ਅੰਡਰ ਬ੍ਰਿਜ ਜਾਂ ਓਵਰ ਬ੍ਰਿਜ ਬਣਾਉਣ ਦਾ ਕੋਈ ਉਪਬੰਧ ਨਹੀਂ ਹੈ।

(ਅ) ਅੰਡਰ ਬ੍ਰਿਜ ਜਾਂ ਓਵਰ ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਪਰੰਤੂ ਇਨ੍ਹਾਂ ਲਿੰਕ ਸੜਕਾਂ ਨੂੰ ਨੈਸ਼ਨਲ ਹਾਈਵੇ ਦੇ ਨਾਲ ਹੀ ਜੰਕਸ਼ਨ ਬਣਾ ਕੇ ਜੋੜਿਆ ਜਾਵੇਗਾ।

-----

## ਆਦਮਪੁਰ-ਭੋਗਪੁਰ ਰੋਡ ਤੋਂ ਪਿੰਡ ਧੀਰੋਵਾਲ ਦੀ ਸੜਕ ਤੇ ਪ੍ਰੀਮਿਕਸ ਪਾਉਣਾ

***602.(ਸੀ.ਯੂ.) ਸ਼੍ਰੀ ਪਵਨ ਕੁਮਾਰ ਟੀਨੂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਆਦਮਪੁਰ ਦੀ ਸਪੈਸ਼ਲ ਕ੍ਰਿਟੀਕਲ ਰੋਡ ਸਕੀਮ ਦੇ ਤਹਿਤ ਆਦਮਪੁਰ-ਭੋਗਪੁਰ ਰੋਡ ਤੋਂ ਪਿੰਡ

[ਸ਼੍ਰੀ ਪਵਨ ਕੁਮਾਰ ਟੀਨੂ]

ਧੀਰੋਵਾਲ ਨੂੰ ਜਾਂਦੀ ਸੜਕ ਜਿਸ ਤੇ ਪੱਥਰ ਪੈ ਚੁੱਕਾ ਹੈ ਪਰ ਅਜੇ ਤੱਕ ਪ੍ਰੀਮਿਕਸ ਨਹੀਂ ਪਾਇਆ ਗਿਆ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਤੇ ਅਜੇ ਤੱਕ ਪ੍ਰੀਮਿਕਸ ਨਾ ਪਾਉਣ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਪਾ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ। ਹਾਂ ਜੀ, ਇਸ ਸੜਕ ਉਪਰ ਇੱਕ ਕਿਲੋਮੀਟਰ ਉਪਰ ਪੱਥਰ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਕੰਮ ਲਈ ਲੋੜੀਂਦੇ ਫੰਡਜ਼ ਪ੍ਰਾਪਤ ਨਾ ਹੋਣ ਕਾਰਨ ਠੇਕੇਦਾਰ ਨੂੰ ਕੀਤੇ ਗਏ ਕੰਮ ਦੀ ਅਦਾਇਗੀ ਨਹੀਂ ਹੋ ਸਕੀ, ਹਾਲ ਦੀ ਘੜੀ ਪ੍ਰੀਮਿਕਸ ਪਾਉਣ ਦਾ ਕੰਮ ਨਹੀਂ ਹੋ ਸਕਿਆ। ਇਸ ਕੰਮ ਲਈ ਫੰਡਜ਼ ਜਾਰੀ ਹੋਣ ਉਪਰੰਤ ਬਕਾਇਆ ਕੰਮ ਮੁਕੰਮਲ ਕਰਵਾ ਦਿੱਤਾ ਜਾਵੇਗਾ।

-----

## ਹਲਕਾ ਆਦਮਪੁਰ ਦੇ ਪਿੰਡ ਦੇ ਡੇਰੇ/ਢਾਣੀਆਂ ਨੂੰ 24 ਘੰਟੇ ਬਿਜਲੀ ਸਪਲਾਈ ਦੀ ਸਹੂਲਤ ਦੇਣਾ

***603.(ਸੀ.ਯੂ.) ਸ਼੍ਰੀ ਪਵਨ ਕੁਮਾਰ ਟੀਨੂ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਆਦਮਪੁਰ ਦੇ ਪਿੰਡਾਂ ਦੀਆਂ ਹੇਠ ਲਿਖੀਆਂ ਡੇਰੇ/ਢਾਣੀਆਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਦੀ ਸਹੂਲਤ ਦੇਣ ਲਈ ਸਰਕਾਰ ਵਲੋਂ ਖੰਭੇ ਲਗਾ ਕੇ ਤਾਰਾਂ ਪਾ ਦਿੱਤੀਆਂ ਗਈਆਂ ਹਨ ਅਤੇ ਲੋੜੀਂਦੀ ਰਕਮ ਵੀ ਵਿਭਾਗ ਦੇ ਖਾਤੇ ਵਿਚ ਜਮ੍ਹਾਂ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਢਾਣੀਆਂ ਨੂੰ ਅਜੇ ਤੱਕ ਕੁਨੈਕਸ਼ਨ ਚਾਲੂ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ 24 ਘੰਟੇ ਬਿਜਲੀ ਸਪਲਾਈ ਸਹੂਲਤ ਕਦੋਂ ਤੱਕ ਦੇ ਦਿੱਤੀ ਜਾਵੇਗੀ?

| Sr No | Sub Division Name | Estimate No | Estimate Name |
|---|---|---|---|
| 1 | ਆਦਮਪੁਰ | 63342 | ਪਿੰਡ ਮੰਡੇਰਾ ਦੇ ਡੇਰੇ ਐਮ.ਪੀ. 36/450 ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 2 | ਆਦਮਪੁਰ | 63327 | ਪਿੰਡ ਚੋਮੇ ਦੇ 5 ਨੰਬਰ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ। |
| 3 | ਆਦਮਪੁਰ | 63433 | ਸਤਨਾਮ ਸਿੰਘ, ਕਪੂਰ ਪਿੰਡ ਦੇ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |

| | | | |
|---|---|---|---|
| 4 | ਆਦਮਪੁਰ | 63465 | ਜ਼ੋਗ ਸਿੰਘ, ਪਿੰਡ ਚੂਹੜਵਾਲੀ ਦੇ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 5 | ਆਦਮਪੁਰ | 63379 | ਭੁਪਿੰਦਰ ਸਿੰਘ, ਪਿੰਡ ਢਹਿਪੁਰ ਸ਼ਾਮਚੁਰਾਸ਼ੀ ਰੋਡ ਕਠਾਰ ਦੇ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 6 | ਜੰਡੂ ਸਿੰਘਾ | 53411 | ਗੁਲਾਮ ਅਲੀ ਬਢਿਆਣਾ ਦੇ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 7 | ਜੰਡੂ ਸਿੰਘਾ | 63355 | ਸੰਤੋਖ ਸਿੰਘ, ਪਿੰਡ ਸਰਨਾਣਾਦ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 8 | ਜੰਡੂ ਸਿੰਘਾ | 63311 | ਤੇਜਿੰਦਰ ਸਿੰਘ, ਪਿੰਡ ਪਰਸਰਾਮਪੁਰ ਦੇ ਡੇਰੇ ਨੂੰ 24 ਘੰਟੇ ਸਪਲਾਈ ਦੇਣ ਸਬੰਧੀ |
| 9 | ਸਬ ਆਰਬਨ | 63365 | ਸਰਵਜੀਤ ਸਿੰਘ ਸਪੁੱਤਰ ਮੋਹਿੰਦਰ ਸਿੰਘ ਪਿੰਡ ਪੂਰਨਪੁਰ |
| 10 | ਸਰ ਆਰਬਨ | 63366 | ਬਹਾਦੁਰ ਸਿੰਘ ਸਪੁੱਤਰ ਅਜੀਤ ਸਿੰਘ ਪਿੰਡ ਬਾਖਰੀਨਾ |
| 11 | ਸਬ ਆਰਬਨ | 63497 | ਬਲਬੀਰ ਸਿੰਘ, ਪਿੰਡ ਕੌਟਲੀ ਤਾਹਨ ਸਿੰਘ |
| 12 | ਸਬ ਆਰਬਨ | 63542 | ਸੁਰਜੀਤ ਰਾਮ ਸੁਪੱਤਰ ਅਰਮ ਚੰਦ ਪਿੰਡ ਪੂਰਨਪੁਰ |

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਇਹ ਸਹੀ ਹੈ ਕਿ ਵਿਧਾਨ ਸਭਾ ਹਲਕਾ ਆਦਮਪੁਰ ਦੇ 12 ਨੰਬਰ ਡੇਰੇ/ਢਾਣੀਆਂ ਨੂੰ ਹੀ ਅਰਬਨ ਪੈਟਰਨ ਸਪਲਾਈ ਨਾਲ ਜੋੜਨ ਸਬੰਧੀ ਸੂਚੀ ਬਣਾਈ ਗਈ ਸੀ ਜਿਸ ਵਿਚੋਂ 11 ਨੰਬਰ ਡੇਰੇ/ਢਾਣੀਆਂ ਨੂੰ ਅਰਬਨ ਪੈਟਰਨ ਸਪਲਾਈ ਨਾਲ ਜੋੜ ਦਿੱਤਾ ਗਿਆ ਹੈ, ਇੱਕ ਨੰਬਰ ਢਾਣੀ ਸ਼੍ਰੀ ਸੁਰਜੀਤ ਰਾਮ ਪੁੱਤਰ ਸ਼੍ਰੀ ਅਮਰ ਚੰਦ ਪਿੰਡ ਪੂਰਨਪੁਰ ਦਾ ਕੰਮ ਹਾਲੇ ਸ਼ੁਰੂ ਨਹੀਂ ਕੀਤਾ

ਗਿਆ ਕਿਉਂਕਿ ਇਸ ਕੰਮ ਨੂੰ ਪੂਰਾ ਕਰਨ ਲਈ 0.68 ਲੱਖ ਰੁਪਏ ਦੀ ਜ਼ਰੂਰਤ ਹੈ। ਜਦੋਂ ਹੀ ਇਹ ਰਕਮ ਪ੍ਰਾਪਤ ਹੋ ਜਾਵੇਗੀ ਇਸ ਨੂੰ ਵੀ ਅਰਬਨ ਪੈਟਰਨ ਸਪਲਾਈ ਨਾਲ ਜੋੜ ਦਿੱਤਾ ਜਾਵੇਗਾ।

-----

## ਰਾਜ ਵਿੱਚ ਟਿੱਪਰਾਂ ਨਾਲ ਹੋਈਆਂ ਸੜਕ ਦੁਰਘਟਨਾਵਾਂ ਦੀ ਗਿਣਤੀ

***604.(ਸੀ.ਯੂ.) ਸ਼੍ਰੀ ਪਵਨ ਕੁਮਾਰ ਟੀਨੂ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸੜਕਾਂ ਤੇ ਚੱਲਣ ਵਾਲੇ ਟਿੱਪਰਾਂ ਨੂੰ ਉਤੋਂ ਤੱਕ ਕਿੰਨੇ ਫੁੱਟ ਤੱਕ ਲੱਦਿਆ ਜਾ ਸਕਦਾ ਹੈ;

(ਅ) 11 ਮਾਰਚ, 2017 ਤੋਂ ਹੁਣ ਤੱਕ ਰਾਜ ਵਿਚ ਟਿੱਪਰਾਂ ਨਾਲ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ ਹਨ ਅਤੇ ਇਨ੍ਹਾਂ ਦੁਰਘਟਨਾਵਾਂ ਵਿਚ ਕਿੰਨੀਆਂ ਮਨੁੱਖੀ ਜਾਨਾਂ ਗਈਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਕੈਪਟਨ ਅਮਰਿੰਦਰ ਸਿੰਘ:** (ੳ) ਸੈਂਟਰਲ ਮੋਟਰ ਵਹੀਕਲ ਦੇ ਰੂਲ 1989 ਦੇ ਰੂਲ 93 ਦੇ ਸਰ-ਰੂਲ 4(i) ਅਨੁਸਾਰ ਮੋਟਰ ਗੱਡੀਆਂ ਸਮੇਤ ਟਿੱਪਰਾਂ ਦੀ ਵੱਧ ਤੋਂ ਵੱਧ ਉਚਾਈ 3.8 ਮੀਟਰ ਨਿਰਧਾਰਤ ਕੀਤੀ ਗਈ ਹੈ।

(ਅ) 11 ਮਾਰਚ, 2017 ਤੋਂ 24 ਨਵੰਬਰ, 2017 ਤੱਕ ਪੰਜਾਬ ਰਾਜ ਵਿੱਚ ਟਿੱਪਰਾਂ ਨਾਲ ਕੁੱਲ 67 ਸੜਕ ਦੁਰਘਟਨਾਵਾਂ ਹੋਈਆਂ ਜਿਨ੍ਹਾਂ ਵਿੱਚ ਕੁੱਲ 69 ਵਿਅਕਤੀ ਮਾਰੇ ਗਏ, ਜਿਸ ਦੀ ਰਿਪੋਰਟ ਅਨੁਲੱਗ (ੳ) ਤੇ ਨੱਥੀ ਹੈ।

**ਅਨੁਲੱਗ ੳ**

| ਲੜੀ ਨੰ: | ਜ਼ਿਲ੍ਹਾ/ਕਮਿਸ਼ਨਟਰੇਟ | ਹਾਦਸੇ | ਮਾਰੇ ਗਏ |
|---|---|---|---|
| 1 | ਕਮਿਸ਼ਨਰੇਟ, ਅੰਮ੍ਰਿਤਸਰ | - | - |
| 2 | ਕਮਿਸ਼ਨਰੇਟ, ਜਲੰਧਰ | 5 | 7 |
| 3 | ਕਮਿਸ਼ਨਰੇਟ, ਲੁਧਿਆਣਾ | 3 | 3 |
| 4 | ਫਿਰੋਜ਼ਪੁਰ | - | - |
| 5 | ਸ੍ਰੀ ਮੁਕਤਸਰ ਸਾਹਿਬ | - | - |
| 6 | ਮੋਗਾ | 4 | 2 |

| | | | |
|---|---|---|---|
| 7 | ਫਾਜ਼ਿਲਕਾ | – | – |
| 8 | ਫਰੀਦਕੋਟ | 2 | 1 |
| 9 | ਮਾਨਸਾ | – | – |
| 10 | ਬਠਿੰਡਾ | 2 | 11 |
| 11 | ਪਟਿਆਲਾ | 7 | 5 |
| 12 | ਸੰਗਰੂਰ | 2 | 2 |
| 13 | ਬਰਨਾਲਾ | – | – |
| 14 | ਫਤਿਹਗੜ੍ਹ ਸਾਹਿਬ | 2 | 2 |
| 15 | ਲੁਧਿਆਣਾ-ਦਿਹਾਤੀ | 1 | – |
| 16 | ਖੰਨਾ | 2 | 1 |
| 17 | ਜਲੰਧਰ ਦਿਹਾਤੀ | – | – |
| 18 | ਕਪੂਰਥਲਾ | 1 | – |
| 19 | ਹੁਸ਼ਿਆਰਪੁਰ | 3 | 4 |
| 20 | ਅੰਮ੍ਰਿਤਸਰ ਦਿਹਾਤੀ | 6 | 3 |
| 21 | ਗੁਰਦਾਸਪੁਰ | 2 | 2 |
| 22 | ਤਰਨਤਾਰਨ | 2 | 2 |
| 23 | ਬਟਾਲਾ | 2 | 2 |
| 24 | ਪਠਾਨਕੋਟ | 4 | 5 |
| 25 | ਐਸ.ਬੀ.ਐਸ.ਨਗਰ | – | – |
| 26 | ਰੂਪਨਗਰ | 6 | 6 |
| 27 | ਐਸ.ਏ.ਐਸ.ਨਗਰ | 11 | 11 |
| | ਕੁੱਲ ਜੋੜ | 67 | 69 |

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 612 (ਸੀ.ਯੂ)****

------

**ਭੁਲੱਥ ਵਿਖੇ ਬਾਈਪਾਸ ਤੇ ਬਣੀ ਮੈਟਲਡ ਰੋਡ ਤੇ ਹੋਏ ਘਪਲੇ ਦੀ ਰਿਪੋਰਟ**

***613.(ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭੁਲੱਥ ਵਿਖੇ ਬਾਈਪਾਸ

** ਫਾਈਨਲ ਪ੍ਰਿਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

ਤੇ ਮੈਟਲਡ ਰੋਡ ਬਣੀ ਹੋਈ ਸੀ ਜਿਸ ਉਪਰ ਪਿਛਲੇ ਸਾਲ ਗਲਤ ਢੰਗ ਨਾਲ ਇੰਟਰਲਾਕਿੰਗ ਟਾਇਲਜ਼ ਲਗਾ ਕੇ ਬਹੁਤ ਵੱਡਾ ਘਪਲਾ ਕੀਤਾ ਗਿਆ ਸੀ ਅਤੇ ਇਸ ਸੰਬਧ ਵਿੱਚ ਏ.ਡੀ.ਸੀ. (ਡਿਵੈਲਪਮੈਂਟ) ਕਪੂਰਥਲਾ ਨੇ ਪੜਤਾਲ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਸ ਰਿਪੋਰਟ ਦੇ ਵੇਰਵੇ ਅਤੇ ਉਸ ਤੇ ਵਿਭਾਗ ਦੁਆਰਾ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਦੱਸਿਆ ਜਾਵੇ?

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਜੀ ਹਾਂ, ਭੁਲੱਥ ਸ਼ਹਿਰ ਦੇ ਬਾਈਪਾਸ ਵਿਖੇ ਘਪਲਾ ਪਾਇਆ ਗਿਆ। ਘਪਲੇ ਦੇ ਸਬੰਧ ਵਿੱਚ ਏ.ਡੀ.ਸੀ.(ਡਿਵੈਲਪਮੈਂਟ) ਕਪੂਰਥਲਾ ਵਲੋਂ ਕੀਤੀ ਪੜਤਾਲ ਰਿਪੋਰਟ ਨੂੰ ਦਰਸਾਇਆ ਗਿਆ ਹੈ ਜਿਸ ਨੂੰ ਹੂ-ਬ-ਹੂ ਹੇਠ ਅਨੁਸਾਰ ਦਰਸਾਇਆ ਜਾਂਦਾ ਹੈ:-

"ਉਪਰਕੋਤ ਸ਼ਿਕਾਇਤ ਦੇ ਸਬੰਧ ਵਿੱਚ ਮਿਤੀ 10.7.2017 ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ ਵੱਲੋਂ ਭੁਲੱਥ ਵਿਖੇ ਮੌਕਾ ਦੇਖਿਆ ਗਿਆ। ਮੌਕੇ ਸਮੇਂ ਸ਼ਿਕਾਇਤ ਕਰਤਾ ਤੋਂ ਇਲਾਵਾ ਈ.ਓ. ਨਗਰ ਪੰਚਾਇਤ, ਭੁਲੱਥ ਅਤੇ ਜੇ.ਈ. ਨਗਰ ਪੰਚਾਇਤ, ਭੁਲੱਥ ਹਾਜ਼ਰ ਸਨ। ਜੇ.ਈ. ਵਲੋਂ ਐਸਟੀਮੇਟ ਮੌਕੇ ਤੇ ਦਿਖਾਇਆ ਗਿਆ ਜਿਸ ਅਨੁਸਾਰ 58.01 ਲੱਖ ਰੁਪਏ ਦੀ ਲਾਗਤ ਨਾਲ ਨਡਾਲਾ ਸੜਕ ਤੋਂ ਭੋਗਪੁਰ ਬਾਈਪਾਸ ਸੜਕ ਜੋ ਕਿ 2800 ਫੁੱਟ ਲੰਬਾਈ ਵਿਚ ਹੈ ਅਤੇ 15 ਫੁੱਟ ਚੌੜਾਈ ਤੇ ਇੰਟਰਲਾਕ ਟਾਈਲਾਂ ਲਗਾਈਆਂ ਜਾਣੀਆਂ ਸਨ। ਇਹ ਸੜਕ ਪੀ.ਆਈ.ਡੀ.ਬੀ. ਫੰਡਾਂ ਨਾਲ ਬਣਾਈ ਜਾਣੀ ਸੀ ਜਿਸ ਸਬੰਧ ਵਿੱਚ 58.01 ਲੱਖ ਰੁਪਏ ਦਾ ਐਸਟੀਮੇਟ ਲਗਾਇਆ ਹੋਇਆ ਹੈ ਅਤੇ 25% ਫੰਡਜ਼ ਪ੍ਰਾਪਤ ਹੋਣ ਤੇ ਇਸ ਸੜਕ ਦਾ ਜੋ ਟੈਂਡਰ ਲਗਾਇਆ ਗਿਆ ਅਤੇ ਲਗਾਏ ਟੈਂਡਰ ਦੀ ਟੈਂਡਰ ਕਾਸਟ 42.41 ਲੱਖ ਰੁਪਏ ਸੀ ਇਹ ਸੜਕ 15 ਫੁੱਟ ਚੌੜਾਈ ਵਿੱਚ ਬਣਾਈ ਜਾਣੀ ਸੀ ਪਰ ਬਿਨਾਂ ਕਿਸੇ ਪ੍ਰਵਾਨਗੀ ਤੋਂ ਮੌਕੇ ਤੇ 20 ਤੋਂ 26 ਫੁੱਟ ਤੱਕ ਦੀ ਚੌੜਾਈ ਵਿਚ ਸੜਕ ਬਣਾਈ ਹੋਣ ਕਾਰਨ ਇਹ ਸੜਕ ਮੁਕੰਮਲ ਨਹੀਂ ਹੋ ਸਕੀ। ਬਕਾਇਆ ਬਣਨ ਵਾਲੀ ਸੜਕ ਦੀ ਲੰਬਾਈ ਤਕਰੀਬਨ 1000 ਫੁੱਟ ਦੇ ਕਰੀਬ ਹੈ, ਇਸ ਅਧੂਰੀ ਸੜਕ ਵਿੱਚ ਟੋਏ ਵਗੈਰਾ ਹੋਣ ਕਰਕੇ ਬਾਰਸ਼ ਦੇ ਦਿਨਾਂ ਵਿਚ ਆਮ ਲੋਕਾਂ ਨੂੰ ਭਾਰੀ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਸਬੰਧੀ ਪੁੱਛੇ ਜਾਣ ਤੇ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਭੁਲੱਥ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ: 374, ਮਿਤੀ 25.7.2017 ਰਾਹੀਂ ਰਿਪੋਰਟ ਕੀਤੀ ਗਈ ਹੈ ਕਿ ਦਫਤਰੀ ਰਿਕਾਰਡ ਅਨੁਸਾਰ ਉਸ ਸਮੇਂ ਦੇ ਈ.ਓ. ਸ਼੍ਰੀ ਚਰਨ ਦਾਸ ਵਲੋਂ ਸੜਕ ਦੀ ਉਸਾਰੀ ਦਾ ਸਕੋਪ ਆਫ ਵਰਕ ਤਬਦੀਲ ਕਰਨ ਸਬੰਧੀ ਕੰਪੀਟੈਂਟ ਅਥਾਰਿਟੀ ਪਾਸੋਂ ਪ੍ਰਵਾਨਗੀ ਨਹੀਂ ਲਈ ਗਈ ਹੈ।

ਇਸ ਲਈ ਨਗਰ ਪੰਚਾਇਤ, ਭੁਲੱਥ ਦੇ ਉਸ ਸਮੇਂ ਦੇ ਕਾਰਜ ਸਾਧਕ ਅਫਸਰ ਸ਼੍ਰੀ ਚਰਨ ਦਾਸ ਖਿਲਾਫ ਬਿਨਾਂ ਸਕੋਪ ਆਫ ਵਰਕ ਤਬਦੀਲ ਕੀਤੇ ਉਕਤੇ ਸੜਕ ਚੌੜਾਈ ਵਿੱਚ ਤਬਦੀਲੀ ਕਰਨ ਅਤੇ ਨਿਰਧਾਰਤ ਲੰਬਾਈ ਤੱਕ ਸੜਕ ਮੁਕੰਮਲ ਨਾ ਕਰਨ ਸਬੰਧੀ ਕੀਤੀ ਗਈ ਅਣਗਹਿਲੀ ਬਾਰੇ ਯੋਗ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ''

**ਏ.ਡੀ.ਸੀ. ਕਪੂਰਥਲਾ ਵਲੋਂ ਦਿੱਤੀ ਗਈ ਰਿਪੋਰਟ ਤੇ ਵਿਭਾਗ ਦੁਆਰਾ ਹੁਣ ਤੱਕ ਕੀਤੀ ਗਈ ਕਾਰਵਾਈ:**

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਡੀ.ਸੀ. ਕਪੂਰਥਲਾ ਵੱਲੋਂ ਭੇਜੀ ਗਈ ਰਿਪੋਰਟ ਤੇ ਕਾਰਵਾਏ ਕਰਦੇ ਹੋਏ ਸਥਾਨਕ ਸਰਕਾਰ ਵਿਭਾਗ ਵੱਲੋਂ ਇਸ ਦੀ ਜਾਂਚ ਇੰਜੀਨੀਅਰ-ਇੰਨ-ਚੀਫ, ਦਫਤਰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਵੱਲੋਂ ਕਰਵਾਈ ਗਈ। ਇੰਜੀਨੀਅਰ ਇੰਨ ਚੀਫ, ਦਫਤਰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਵੱਲੋਂ ਇਸ ਦੀ ਜਾਂਚ ਕਰਨ ਤੋਂ ਬਾਅਦ ਸ਼੍ਰੀ ਚਰਨ ਦਾਸ, ਕਾਰਜ ਸਾਧਕ ਅਫਸਰ, ਸ਼੍ਰੀ ਰਾਕੇਸ਼ ਕੁਮਾਰ, ਸਹਾਇਕ ਮਿਉਂਸਿਪਲ ਇੰਜੀਨੀਅਰ ਅਤੇ ਸ਼੍ਰੀ ਰਾਜੇਸ਼ ਰੈਣੀ, ਜੂਨੀਅਰ ਇੰਜੀਨੀਅਰ ਨੂੰ ਦੋਸ਼ੀ ਪਾਇਆ ਗਿਆ। ਇਸ ਸਬੰਧ ਵਿਚ ਅੱਗੇ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਖਿਲਾਫ ਪੰਜਾਬ ਸਿਵਲ ਸਰਵਿਸਿਜ਼ (ਸਜ਼ਾ ਅਤੇ ਅਪੀਲ) ਰੂਲਜ਼, 1970 ਦੇ ਨਿਯਮ 8 ਅਧੀਨ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ ਹੈ।

-----

**ਕਿਸਾਨਾਂ ਨੂੰ ਗਊਆਂ ਨੂੰ ਲਗਾਉਣ ਵਾਲੇ ਸੈਕਸ ਸੀਮਨ ਦੇ ਟੀਕੇ ਰਿਆਇਤੀ ਦਰਾਂ ਤੇ ਦੇਣਾ**

***642.(ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਗਊਆਂ ਦੇ ਮਸਨੂਈ ਗਰਭ ਧਾਰਨ ਕਰਨ ਲਈ ਟੀਕੇ ਲਗਾਏ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਵੀ ਠੀਕ ਹੈ ਕਿ ਗਊਆਂ ਨੂੰ ਸੈਕਸਸੀਮਨ (Sexseman) ਦੇ ਟੀਕੇ ਲਗਾਉਣ ਨਾਲ ਗਊਆਂ ਜ਼ਿਆਦਾਤਰ ਵੱਛੀਆਂ ਹੀ ਪੈਦਾ ਕਰਦੀਆਂ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਟੀਕਾ ਕਿਸਾਨਾਂ ਨੂੰ ਰਿਆਇਤੀ ਦਰ ਤੇ ਦੇਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ਤਾਂਕਿ ਅਣਲੋੜੀਂਦੀ ਵੱਛਿਆਂ ਦੀ ਗਿਣਤੀ ਘੱਟ ਸਕੇ?

**ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):**(ੳ) ਹਾਂ ਜੀ, ਗਊਆਂ ਨੂੰ ਸੈਕਸਡਸੀਮਨ (Sexed seman) ਦੇ ਟੀਕੇ ਲਗਾਉਣ ਨਾਲ ਗਊਆਂ ਤੋਂ ਜ਼ਿਆਦਾਤਰ ਵੱਛੀਆਂ ਹੀ ਪੈਦਾ ਹੁੰਦੀਆਂ ਹਨ।

(ਅ) ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋਂ ਪਹਿਲਾਂ ਹੀ ਇਹ ਟੀਕੇ ਐਚ.ਐਫ.ਨਸਲ ਦੀਆਂ ਗਾਵਾਂ ਨੂੰ 50% ਸਬਸਿਡੀ ਤੇ ਲਗਾਏ ਜਾ ਰਹੇ ਹਨ।

------

## ਰਾਜ ਦੇ ਲੋਕਾਂ ਦੇ ਰੁਪਏ ਪਰਲ ਕੰਪਨੀ ਤੋਂ ਵਾਪਸ ਕਰਵਾਉਣਾ

***643.(ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਲੱਖਾਂ ਲੋਕਾਂ ਦੇ ਹਜ਼ਾਰਾਂ ਕਰੋੜ ਰੁਪਏ ਪਰਲ ਕੰਪਨੀ ਵੱਲ ਬਕਾਇਆ ਹਨ; ਜੇਕਰ ਅਜਿਹਾ ਹੈ ਤਾਂ ਕੀ ਲੋਕਾਂ ਨੂੰ ਕੰਪਨੀ ਕੋਲੋਂ ਪੈਸੇ ਵਾਪਸ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਪਰਲ ਗਰੁੱਪ ਨੇ ਵੱਖ-ਵੱਖ ਰਾਜਾਂ ਵਿੱਚ ਕਰੀਬ 6 ਕਰੋੜ ਲੋਕਾਂ ਤੋਂ 57000 ਕਰੋੜ ਰੁਪਏ ਜਮ੍ਹਾਂ ਕੀਤੇ। ਇਹ ਕੰਪਨੀ ਰਾਜ ਵਿੱਚ ਚਿੱਟ ਫੰਡਜ਼ ਐਕਟ, 1982 ਤਹਿਤ ਰਜਿਸਟਰਡ ਨਹੀਂ ਹੈ। ਰਾਜ ਸਰਕਾਰ ਕੇਵਲ ਰਾਜ ਵਿੱਚ ਰਜਿਸਟਰਡ ਚਿੱਟ ਫੰਡ ਕੰਪਨੀਆਂ ਵਿਰੁੱਧ ਕਾਰਵਾਈ ਕਰਦੀ ਹੈ। ਮਾਨਯੋਗ ਸਪੁਰੀਮ ਕੋਰਟ ਵੱਲੋਂ ਲੋਡਾ ਕਮੇਟੀ ਨੂੰ ਪੀ.ਏ.ਸੀ.ਐਲ. ਦੀਆਂ ਜਾਇਦਾਦਾਂ ਨੂੰ ਵੇਚਣ ਲਈ ਸਥਾਪਿਤ ਕੀਤਾ ਗਿਆ ਹੈ ਤਾਂ ਜੋ ਜਾਇਦਾਦਾਂ ਨੂੰ ਵੇਚਣ ਉਪਰੰਤ ਧਨ ਰਾਸ਼ੀ ਨੂੰ ਜਮ੍ਹਾਂ ਕਰਤਾਵਾਂ ਵਿੱਚ ਵੰਡਿਆ ਜਾ ਸਕੇ।

ਪੁਲਿਸ ਵਿਭਾਗ ਦੀ ਪੜਤਾਲ ਰਿਪੋਰਟ ਅਨੁਸਾਰ ਪੰਜਾਬ ਵਿੱਚ ਕੁੱਲ 2 ਮੁਕੱਦਮੇ ਦਾਇਰ ਕੀਤੇ ਪਾਏ ਗਏ ਹਨ, ਜਿਨ੍ਹਾਂ ਦੇ ਵੇਰਵਾ ਅਨੁਲੱਗ 'ੳ' ਤੇ ਉਪਲਬਧ ਹੈ। ਇਨ੍ਹਾਂ ਮੁਕੱਦਮਿਆਂ ਦੀ ਪੈਰਵੀ ਸਮੁੱਚੇ ਢੰਗ ਨਾਲ ਕਰਕੇ, ਪੀ.ਏ.ਸੀ.ਐਲ. ਕੰਪਨੀ ਦੇ ਮਾਲਕਾਂ/ਡਾਇਰੈਕਟਰਾਂ ਦੀਆਂ ਜਾਇਦਾਦਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

## ਅਨੁਲੱਗ 'ੳ'

| ਲੜੀ ਨੰ: | ਜ਼ਿਲ੍ਹਾ | ਮੁਕੱਦਮਾ ਨੰ:, ਅ/ਧ, ਮਿਤੀ ਅਤੇ ਥਾਣਾ | ਵੇਰਵਾ | ਮੌਜੂਦਾ ਸਥਿਤੀ |
|---|---|---|---|---|
| 1 | ਰੂਪਨਗਰ | 66, ਮਿਤੀ 28.6.2017 ਅ/ਧ 420, 120-ਬੀ ਭ:ਦ:ਥਾਣਾ ਸਦਰ, ਜ਼ਿਲ੍ਹਾ ਰੂਪਨਗਰ | ਇਹ ਮੁੱਕਦਮਾ ਮਨਦੀਪ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਕੋਕਾਰੀ ਕਲਾਂ, ਜ਼ਿਲ੍ਹਾ ਮੋਗਾ ਅਤੇ ਹੋਰਾਂ ਦੇ ਬਿਆਨ ਤੇ ਨਿਰਮਲ ਸਿੰਘ ਭੰਗੂ ਵਾਸੀ ਪਿੰਡ ਅਟਾਰੀ ਥਾਣਾ ਸ਼੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਅਤੇ ਹੋਰਾਂ ਦੇ ਖਿਲਾਫ ਦਰਜ ਹੋਇਆ ਸੀ ਜੋ ਕਿ ਦਰਖਾਸਤੀ ਨੇ ਦੋਸ਼ ਲਗਾਏ ਸਨ ਕਿ ਦੋਸ਼ੀ ਨੇ ਉਸ ਨੂੰ ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ ਠੱਗੀ ਮਾਰੀ ਹੈ ਅਤੇ ਉਸ ਦੇ ਪੈਸੇ ਵਾਪਸ ਨਹੀਂ ਕੀਤੇ। | ਮੁਕੱਦਮਾ ਮਿਤੀ 6.10.2017 ਨੂੰ ਕੈਂਸਲ ਕੀਤਾ ਗਿਆ। |
| 2 | ਬਠਿੰਡਾ | 42, ਮਿਤੀ 1.6.2016 ਅ/ਧ 406, 420 ਭ:ਦ: ਥਾਣਾ ਕੈਂਟਰ, ਬਠਿੰਡਾ | ਦਰਖਾਸਤੀ ਰਾਜ ਕੁਮਾਰ ਪੁੱਤਰ ਆਸ਼ਾ ਰਾਮ ਵਾਸੀ ਵਾਲਮੀਕ ਕਲੋਨੀ, ਬਠਿੰਡਾ ਰੋਡ, ਜੈਤੋ ਮੰਡੀ ਜੋ ਕਿ M/s PACL ਕੰਪਨੀ ਵਿੱਚ ਬਤੌਰ ਕਮਿਸ਼ਨ ਏਜੰਟ ਕੰਮ ਕਰਦਾ ਸੀ ਅਤੇ ਉਸ ਨੇ ਖੁਦ ਦੀ ਕਮਾਈ ਵੀ ਕੰਪਨੀ ਵਿਚ ਲਗਾਈ ਸੀ ਜੋ ਕਿ ਉਸ ਦੇ ਪੈਸੇ ਵਾਪਸ ਨਾ ਹੋਣ ਤੇ ਉਸ ਵੱਲੋਂ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਇੱਕ CWP No. 729 of 2016 ਦਾਇਰ ਕੀਤੀ | ਮੁਕੱਦਮੇ ਦਾ ਚਲਾਨ ਪੇਸ਼ ਅਦਾਲਤ ਕੀਤਾ ਜਾ ਚੁੱਕਾ ਹੈ। ਕੇਸ ਅਦਾਲਤ ਸ਼੍ਰੀ ਰਨਦੀਪ ਕੁਮਾਰ, JMIC, ਬਠਿੰਡਾ ਵਿਖੇ ਅੰਡਰ ਟਰਾਇਲ ਹੈ। |

[ਵਿੱਤ ਮੰਤਰੀ]

| | | | | |
|---|---|---|---|---|
| | | | ਗਈ ਜਿਸ ਵਿਚ ਕੋਰਟ ਵੱਲੋਂ SHO ਕੈਂਟ ਬਠਿੰਡਾ ਨੂੰ ਸ਼ਿਕਾਇਤ ਤੇ ਕਾਰਵਾਈ ਕਰਨ ਅਤੇ ਜੇ ਕੋਈ ਕੋਗਨੀਜੇਬਲ ਓਫੈਂਸ ਹੋਇਆ ਹੈ ਤਾਂ ਮੁਕੱਦਮਾ ਦਰਜ ਕਰਨ ਦੇ ਹੁਕਮ ਕੀਤੇ।<br>ਐਸ.ਐਚ.ਓ. ਬਠਿੰਡਾ ਕੈਂਟ ਵੱਲੋਂ ਇਨਕੁਆਰੀ ਉਪਰੰਤ ਲੀਗਲ ਓਪੀਨੀਅਨ ਲੈਣ ਉਪਰੰਤ ਸੁਖਦੇਵ ਸਿੰਘ, ਐਮ.ਡੀ. PACL India Limited ਗੁਰਮੀਤ ਸਿੰਘ, ਡਾਇਰੈਕਟਰ ਪੀ.ਏ.ਸੀ.ਐਲ.ਇੰਡੀਆ ਲਿਮਟਿਡ, ਸੁਬਰਾਤਾ ਭੱਟਾਚਾਰੀਆ, ਡਾਇਰੈਕਟਰ PACL India Ltd ਅਤੇ ਨਿਰਮਲ ਸਿੰਘ ਭੰਗੂ ਚੇਅਰਮੈਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। ਮੁਕੱਦਮੇ ਦੀ ਤਫਤੀਸ਼ ਮੁਕੰਮਲ ਹੋਣ ਉਪਰੰਤ ASI ਸੁਰਿੰਦਰ ਸਿੰਘ 569/ਬਠਿੰਡਾ ਵੱਲੋਂ ਸਾਰੇ 4 ਦੋਸ਼ੀਆਂ ਨੂੰ ਮਿਤੀ 10.6.2016 ਨੂੰ ਗ੍ਰਿਫਤਾਰ ਕਰਕੇ ਚਾਰਾਂ ਦੋਸ਼ੀਆਂ ਦਾ ਚਲਾਨ ਮਿਤੀ 6.8.2016 ਨੂੰ ਅਦਾਲਤ ਸ਼੍ਰੀ ਰਨਦੀਪ ਕੁਮਾਰ, JMIC, ਬਠਿੰਡਾ ਵਿਖੇ ਪੇਸ਼ ਕੀਤਾ ਗਿਆ। ਮੁਕੱਦਮਾ ਅੰਡਰ ਟਰਾਇਲ ਹੈ।<br>----- | |

## ਪੁਲਿਸ ਥਾਣਿਆਂ ਦੇ ਰੱਖ-ਰਖਾਵ ਲਈ ਫੰਡਾਂ ਦਾ ਵੇਰਵਾ

***645.(ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਪੁਲਿਸ ਥਾਣਿਆਂ ਦੇ ਰੱਖ-ਰਖਾਵ (Maintenance) ਜਿਵੇਂ ਕਿ ਪੈਟਰੋਲ, ਡੀਜ਼ਲ, ਰਿਹਾਇਸ਼ ਬਿਜਲੀ ਪਾਣੀ ਦੇ ਬਿੱਲ ਆਦਿ ਦੇ ਲਈ ਕੋਈ ਫੰਡ ਥਾਣਿਆਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ; ਜੇਕਰ ਕਰਵਾਏ ਜਾਂਦੇ ਹਨ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਕੈਪਟਨ ਅਮਰਿੰਦਰ ਸਿੰਘ:** ਪੰਜਾਬ ਸਰਕਾਰ, ਵਿੱਤ ਵਿਭਾਗ ਵੱਲੋਂ ਪੁਲਿਸ ਵਿਭਾਗ ਲਈ ਪ੍ਰਵਾਨਿਤ ਬਜਟ ਵਿਚੋਂ ਲੋੜੀਂਦੇ ਫੰਡ ਜ਼ਿਲ੍ਹਾ ਪੁਲਿਸ ਮੁਖੀਆਂ ਦੀ ਮੰਗ ਅਨੁਸਾਰ ਉਨ੍ਹਾਂ ਨੂੰ ਪੈਟਰੋਲ, ਡੀਜ਼ਨ, ਰਿਹਾਇਸ਼, ਬਿਜਲੀ, ਪਾਣੀ ਦੇ ਖਰਚਿਆਂ ਲਈ ਮੁਹੱਈਆ ਕਰਵਾਏ ਜਾਂਦੇ ਹਨ। ਇਨ੍ਹਾਂ ਫੰਡਾਂ ਵਿਚੋਂ ਸਬੰਧਿਤ ਜ਼ਿਲ੍ਹਾ ਪੁਲਿਸ ਮੁਖੀਆਂ ਦੁਆਰਾ ਲੋੜ ਅਨੁਸਾਰ ਥਾਣਿਆਂ ਦੇ ਰੱਖ-ਰਖਾਵ ਲਈ ਫੰਡ ਖਰਚ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਸਾਲ 2016-17 ਅਤੇ ਚਾਲੂ ਵਿੱਤ ਸਾਲ ਦੌਰਾਨ ਮਹੀਨਾ ਅਕਤੂਬਰ, 2017 ਤੱਕ ਦਾ ਵੇਰਵਾ ਨਾਲ ਨੱਥੀ ਅਨੁਲਗ ਵਿਚ ਦਿੱਤਾ ਗਿਆ ਹੈ।

**ਅਨੁਲੱਗ**

**(ਰਕਮ ਲੱਖਾਂ ਵਿੱਚ)**

| ਲੜੀ ਨੰ: | ਖਰਚੇ ਦੀ ਕਿਸਮ | ਸਾਲ 2016617 ਦੌਰਾਨ ਖਰਚੇ ਦਾ ਵੇਰਵਾ | ਸਾਲ 2017-18 ਦੌਰਾਨ ਖਰਚੇ ਦਾ ਵੇਰਵਾ |
|---|---|---|---|
| 1 | ਪੈਟਰੋਲ/ਡੀਜ਼ਲ | 1589.09 | 924.08 |
| 2 | ਸਿਵਲ ਵਰਕਸ (Maintenance) | 92.90 | 0.47 |
| 3 | ਬਿਜਲੀ | 600.76 | 360.34 |
| 4 | ਪਾਣੀ | 5.75 | 5.70 |
| | ਕੁੱਲ | 2288.50 | 1290.59 |

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 651 (ਸੀ.ਯੂ.)**

------

** ਫਾਈਨਲ ਪ੍ਰਿੰਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

## ਰਾਜ ਵਿੱਚ ਬਿਜਲੀ ਦੇ ਬਿੱਲਾਂ ਨੂੰ ਮਹੀਨਾਵਾਰ ਭੇਜਣ ਦਾ ਪ੍ਰਸਤਾਵ

***652.(ਸੀ.ਯੂ.) ਸਰਦਾਰ ਬਲਦੇਵ ਸਿੰਘ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਰਾਜ ਵਿੱਚ ਬਿਜਲੀ ਦੇ ਬਿੱਲ ਜ਼ਿਆਦਾ ਖਪਤਕਾਰਾਂ ਨੂੰ ਦੋ ਮਹੀਨੇ ਬਾਅਦ ਭੇਜੇ ਜਾਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਰਾਜ ਵਿੱਚ ਸਾਰੇ ਖਪਤਕਾਰਾਂ ਨੂੰ ਹਰ ਮਹੀਨੇ ਬਿਜਲੀ ਦਾ ਬਿੱਲ ਭੇਜਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ?

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਜ਼ਿਆਦਾਤਰ ਖਪਤਕਾਰਾਂ ਨੂੰ ਦੋ ਮਹੀਨੇ ਦੇ ਬਿੱਲ ਜਾਰੀ ਕੀਤੇ ਜਾ ਰਹੇ ਹਨ। ਮਹੀਨਾਵਾਰ ਬਿਲਿੰਗ ਦਾ ਕੋਈ ਵੀ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ ।

-----

## ਐਮ.ਐਲ.ਏ. ਨੂੰ ਉਸ ਦੇ ਹਲਕੇ ਦੇ ਵਿਕਾਸ ਲਈ ਰਾਸ਼ੀ ਜਾਰੀ ਕਰਨਾ

***653.(ਸੀ.ਯੂ.) ਸਰਦਾਰ ਬਲਦੇਵ ਸਿੰਘ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਰ ਇੱਕ ਐਮ.ਐਲ.ਏ. ਨੂੰ ਉਸਦੇ ਹਲਕੇ ਦੇ ਵਿਕਾਸ ਲਈ ਕੋਈ ਰਾਸ਼ੀ ਜਾਰੀ ਕਰਨ ਦਾ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਮਨਪ੍ਰੀਤ ਸਿੰਘ ਬਾਦਲ:** ਐਮ.ਐਲ.ਏਜ਼ ਨੂੰ ਉਨ੍ਹਾਂ ਦੇ ਹਲਕੇ ਦੇ ਵਿਕਾਸ ਲਈ ਕੋਈ ਰਾਸ਼ੀ ਜਾਰੀ ਕਰਨ ਦਾ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਪੁੱਡਾ ਅਤੇ ਗਮਾਡਾ ਦੁਆਰਾ ਐਮ.ਆਈ.ਜੀ.ਮਕਾਨਾਂ ਵਿਚ ਨੀਡ ਬੇਸਡ ਚੇਂਜ ਲਈ ਪਾਲਿਸੀ ਬਣਾਉਣਾ

***659.(ਸੀ.ਯੂ.) ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਪੁੱਡਾ ਅਤੇ ਗਮਾਡਾ ਦੁਆਰਾ ਐਮ.ਆਈ.ਜੀ. ਮਕਾਨਾਂ ਵਿੱਚ ਅਣਅਧਿਕਾਰਤ ਉਸਾਰੀਆਂ ਨੂੰ ਨਿਯਮਿਤ ਕਰਨ ਲਈ ਕੋਈ ਨੀਡ ਬੇਸਡ ਪਾਲਿਸੀ ਬਣਾਈ ਗਈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਜੇ ਅਲਾਟ ਮਕਾਨ ਦੀ ਵਰਤੋਂ ਨੀਡ ਬੇਸਡ ਪਾਲਿਸੀ ਅਨੁਸਾਰ ਨਹੀਂ ਕਰਦਾ ਤਾਂ ਉਸ ਨੂੰ ਜੁਰਮਾਨਾ ਜਾਂ ਸਜ਼ਾ ਕਰਨ ਦਾ ਕੋਈ ਉਪਬੰਧ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ।

(ਅ) ਜੇਕਰ ਅਲਾਟੀ ਪ੍ਰਵਾਨਿਤ ਨੀਡ ਬੇਸਡ ਪਾਲਿਸੀ ਦੀ ਪਾਲਣਾ ਨਹੀਂ ਕਰਦਾ ਤਾਂ ਮਿਲਖ ਦਫਤਰ, ਗਮਾਡਾ ਵੱਲੋਂ ਅਣਅਧਿਕਾਰਤ ਉਸਾਰੀ ਦੇ ਸਨਮੁੱਖ ਪੰਜਾਬ ਰਿਜ਼ਨਲ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45 ਏ ਅਧੀਨ ਮਕਾਨ ਦੀ ਅਲਾਟਮੈਂਟ ਰੱਦ ਕਰਦਿਆਂ ਹੋਇਆਂ ਧਾਰਾ 46 ਅਧੀਨ ਮਕਾਨ ਜ਼ਬਤ ਕਰਨ ਦਾ ਉਪਬੰਧ ਹੈ। ***(ਅਨੁਲੱਗ-ੳ)****

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 671 (ਸੀ.ਯੂ.)****

------

**ਨਗਰ ਪੰਚਾਇਤਾਂ ਤੇ ਗ੍ਰਾਂਟਾਂ ਖਰਚ ਕਰਨ ਤੇ ਲੱਗੀ ਰੋਕ ਹਟਾਉਣਾ**

***672.(ਸੀ.ਯੂ.) ਸਰਦਾਰ ਅਜੀਤ ਸਿੰਘ ਕੋਹਾੜ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੀਆਂ ਜਿਨ੍ਹਾਂ ਨਗਰ ਪੰਚਾਇਤਾਂ ਕੋਲ ਵਿਕਾਸ ਕਾਰਜਾਂ ਲਈ ਕਾਫੀ ਫੰਡ ਪਏ ਹਨ ਪਰ ਸਰਕਾਰ ਨੇ ਉਨ੍ਹਾਂ ਨਗਰ ਪੰਚਾਇਤਾਂ ਤੇ ਗ੍ਰਾਂਟਾਂ ਖਰਚ ਕਰਨ ਤੇ ਰੋਕ ਲਗਾਈ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਰੋਕ ਕਦੋਂ ਤੱਕ ਹਟਾ ਦਿੱਤੀ ਜਾਵੇਗੀ?

**ਸਰਦਾਰ ਨਵਜੋਤ ਸਿੰਘ ਸਿੱਧੂ:** ਨਹੀਂ ਜੀ, ਸਥਾਨਕ ਸਰਕਾਰ ਵਿਭਾਗ ਵੱਲੋਂ ਵਿਕਾਸ ਦੇ ਕੰਮਾਂ ਤੇ ਕੋਈ ਰੋਕ ਨਹੀਂ ਲਗਾਈ ਗਈ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਆਪਣੇ ਮਤੇ ਪ੍ਰਵਾਨਗੀ ਲਈ ਸਰਕਾਰ ਨੂੰ ਭੇਜੇ ਜਾਂਦੇ ਹਨ ਅਤੇ ਸਦਰ ਦਫਤਰ ਵੱਲੋਂ ਹਦਾਇਤਾਂ/ਰੂਲਾਂ ਅਨੁਸਾਰ ਮਤੇ ਪ੍ਰਵਾਨ ਕੀਤੇ ਜਾਂਦੇ ਹਨ।

-----

*Placed in the Revisor Branch.

** For Question No. 617 (C.U) and reply thereto, please see Appendix to Annexure to debates.

### ਅਫਸਰਾਂ ਦੁਆਰਾ ਹੈੱਡ ਕੁਆਰਟਰ ਤੋਂ ਬਾਹਰ ਰਹਿਣਾ

***678.(ਸੀ.ਯੂ.) ਸਰਦਾਰ ਅਮਰਜੀਤ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਰੇਕ ਜ਼ਿਲ੍ਹਾ ਹੈਡਕੁਆਰਟਰ ਤੇ ਡੀ.ਸੀ., ਐਸ.ਐਸ.ਪੀ., ਤਹਿਸੀਲਦਾਰ ਅਤੇ ਐਸ.ਡੀ.ਐਮ.ਨੂੰ ਸਰਕਾਰੀ ਰਿਹਾਇਸ਼ਾਂ ਅਲਾਟ ਕੀਤੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਹੈਡਕੁਆਟਰ ਤੇ ਰਹਿਣਾ ਜ਼ਰੂਰੀ ਹੁੰਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਇਹ ਵੀ ਠੀਕ ਹੈ ਕਿ ਐਸ.ਐਸ.ਪੀ. ਰੂਪਨਗਰ ਅਤੇ ਕਈ ਹੋਰ ਅਫਸਰ ਹੈਡਕੁਆਰਟਰ ਦੀ ਬਜਾਏ ਮੋਹਾਲੀ/ਚੰਡੀਗੜ੍ਹ ਰਹਿੰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਉਨ੍ਹਾਂ ਨੂੰ ਹੈਡਕੁਆਰਟਰ ਤੋਂ ਬਾਹਰ ਰਹਿਣ ਦੀ ਛੋਟ ਮਿਲੀ ਹੋਈ ਹੈ; ਜੇਕਰ ਹਾਂ ਤਾਂ ਇਸ ਦੇ ਕਾਰਨ ਕੀ ਹਨ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ। (ਅ) ਨਹੀਂ ਜੀ।

-------

### ਨਿਸ਼ਾਨ ਵਾਲਾ ਪ੍ਰਸ਼ਨ ਨੰ: 680 (ਸੀ.ਯੂ.)**

------

### ਰੇਤਾ ਅਤੇ ਬਜਰੀ ਆਦਿ ਲੈ ਕੇ ਜਾਂਦੇ ਟਿੱਪਰਾਂ ਦਾ ਭਾਰ ਨਿਯਮਿਤ ਕਰਨਾ

***681(ਸੀ.ਯੂ.) ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੂਪਨਗਰ ਵਿੱਚ ਕਰੱਸ਼ਰਾਂ ਤੇ ਰੇਤਾ ਅਤੇ ਬਜਰੀ ਆਦਿ ਲੈ ਕੇ ਜੋ ਟਿੱਪਰ ਓਵਰਲੋਡਿਡ ਨਿਕਲਦੇ ਹਨ, ਉਨ੍ਹਾਂ ਨਾਲ ਸੜਕਾਂ ਟੁੱਟ ਜਾਂਦੀਆਂ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਟਿੱਪਰਾਂ ਵਿੱਚ ਲੱਦੇ ਭਾਰ ਨੂੰ ਨਿਯਮਿਤ ਕਰਨ ਲਈ ਸਰਕਾਰ ਕੋਈ ਕਦਮ ਉਠਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ):** (ੳ) ਇਹ ਠੀਕ ਹੈ ਕਿ ਭਾਰੀ ਓਵਰ ਲੋਡਿਡ ਗੱਡੀਆਂ ਸੜਕਾਂ ਦਾ ਨੁਕਸਾਨ ਕਰਦੀਆਂ ਹਨ। ਖਾਸ ਤੌਰ ਤੇ ਪਿੰਡ ਦੀਆਂ ਲਿੰਕ ਸੜਕਾਂ ਜਿਨ੍ਹਾਂ ਨੂੰ ਭਾਰੀ ਵਾਹਨਾਂ ਨੂੰ ਚਲਾਉਣ ਲਈ ਨਹੀਂ ਬਣਾਇਆ ਗਿਆ।

** For Question No. 680 (C.U) and reply thereto, please see Appendix to Annexure to debates.

(ਅ) ਮੋਟਰ ਵਹੀਕਲ ਐਕਟ, 1988 ਦੀ ਧਾਰਾ 194(1) ਅਧੀਨ ਓਵਰ ਲੋਡਿਡ ਗੱਡੀਆਂ ਨੂੰ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਵੱਲੋਂ ਇੰਪਾਊਂਡ ਕੀਤਾ ਜਾਂਦਾ ਹੈ। ਓਵਰ ਲੋਡਿਡ ਗੱਡੀਆਂ ਤੇ 20,000/- ਰੁਪਏ ਜੁਰਮਾਨਾ ਅਤੇ 2000/- ਰੁਪਏ ਪ੍ਰਤੀ ਟਨ ਵਾਧੂ ਬੋਝ ਉਤੇ ਜੁਰਮਾਨਾ ਵਸੂਲਿਆ ਜਾਂਦਾ ਹੈ।

------

## ਹੋਮ ਗਾਰਡ ਵਿੱਚ ਤਰਸ ਦੇ ਅਧਾਰ ਤੇ ਨਿਯੁਕਤੀਆਂ

***683.(ਸੀ.ਯੂ.) ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਵਿੱਚ ਹੋਮ ਗਾਰਡ ਵਿਚ ਤਰਸ ਦੇ ਅਧਾਰ ਤੇ ਨਵੀਆਂ ਨਿਯੁਕਤੀਆਂ ਉਤੇ ਮੌਜੂਦਾ ਸਮੇਂ ਵਿੱਚ ਪਾਬੰਦੀ ਹੈ; ਜੇਕਰ ਹੋਵੇ ਤਾਂ ਅਜਿਹਾ ਕਦੋਂ ਤੋਂ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਇਸ ਦੇ ਕਾਰਨ ਕੀ ਹਨ ਅਤੇ ਕੀ ਸਰਕਾਰ ਇਸ ਫੈਸਲੇ ਤੇ ਦੁਬਾਰਾ ਵਿਚਾਰ ਕਰੇਗੀ?

**ਕੈਪਟਨ ਅਮਰਿੰਦਰ ਸਿੰਘ:** (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

-----

## ਬਟਾਲਾ ਸ਼ਹਿਰ ਅੰਦਰ ਹੰਸਲੀ ਨਾਲੇ ਨੂੰ ਕਵਰ ਕਰਨਾ

***684.(ਸੀ.ਯੂ.) ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਟਾਲਾ ਸ਼ਹਿਰ ਅੰਦਰ ਹੰਸਲੀ ਨਾਲੇ ਦੀ ਲਾਈਨਿੰਗ ਕਰਕੇ ਇਸ ਨੂੰ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਨਵਜੋਤ ਸਿੰਘ ਸਿੱਧੂ:** ਹਾਂ ਜੀ, ਨਗਰ ਕੌਂਸਲ, ਬਟਾਲਾ ਵਲੋਂ ਮਤਾ ਨੰ: 171 (ੳ) ਮਿਤੀ 27.6.2017 ਰਾਹੀਂ ਸ਼ਹਿਰ ਵਿਚੋਂ ਲੰਘਦੇ ਪੁਰਾਣੇ ਹੰਸਲੀ ਨਾਲੇ ਨੂੰ ਕਵਰ ਕਰਨਾ ਪਾਸ ਕੀਤਾ ਹੈ।

----

## ਸਿਵਲ ਹਸਪਤਾਲ ਬਟਾਲਾ ਨੇੜੇ 66 ਕੇ.ਵੀ. ਸਬ ਸਟੇਸ਼ਨ ਬਣਾਉਣਾ

***685.(ਸੀ.ਯੂ.) ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਬਟਾਲਾ ਦੇ ਨੇੜੇ ਜੋ 66 ਕੇ.ਵੀ.ਸਬ ਸਟੇਸ਼ਨ ਬਣਨਾ ਹੈ ਅਤੇ ਜਿਸ ਲਈ ਲੋੜੀਂਦੀ ਰਕਮ ਵੀ ਸਬੰਧੀ Godrej Company ਦੇ ਖਾਤੇ ਵਿਚ ਜਮ੍ਹਾਂ ਹੋ ਚੁੱਕੀ ਹੈ, ਨੂੰ ਕਦੋਂ ਤੱਕ ਤਿਆਰ ਕਰਕੇ ਚਾਲੂ ਕਰ ਦਿੱਤਾ ਜਾਵੇਗਾ?

**ਰਾਣਾ ਗੁਰਜੀਤ ਸਿੰਘ :** ਸਿਵਲ ਹਸਪਤਾਲ, ਬਟਾਲਾ ਵਿਖੇ 66 ਕੇ.ਵੀ.ਸਬ ਸਟੇਸ਼ਨ ਦੇ ਕੰਮ ਨੂੰ ਆਰ-ਏ.ਡੀ.ਡੀ.ਆਰ.ਪੀ.(ਪਾਰਟ ਬੀ) ਪ੍ਰੋਜੈਕਟ ਦੇ ਤਹਿਤ ਕਵਰ ਕੀਤਾ ਗਿਆ ਸੀ। ਪਹਿਲਾਂ ਇਹ ਕੰਮ ਮੈਸ: ਗੋਦਰੇਜ਼ ਕੰਪਨੀ ਨੂੰ ਅਲਾਟ ਕੀਤਾ ਗਿਆ ਸੀ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਕੰਮ ਇਸ ਕੰਪਨੀ ਤੋਂ ਵਾਪਸ ਲੈ ਲਿਆ ਗਿਆ ਸੀ। ਮੈਸ: ਗੋਦਰੇਜ਼ ਕੰਪਨੀ ਦੇ ਖਾਤੇ ਵਿੱਚ ਕੋਈ ਵੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ ਸੀ ਕਿਉਂਕਿ ਉਨ੍ਹਾਂ ਵੱਲੋਂ ਸਬ ਸਟੇਸ਼ਨ ਦਾ ਕੰਮ ਸ਼ੁਰੂ ਹੀ ਨਹੀਂ ਕੀਤਾ ਗਿਆ ਸੀ। ਹੁਣ ਇਸ ਦੇ ਕੰਮ ਨੂੰ ਵਿਭਾਗੀ ਤੌਰ ਤੇ ਸ਼ੁਰੂ ਕੀਤਾ ਜਾ ਚੁੱਕਾ ਹੈ ਅਤੇ ਇਹ ਕੰਮ 28.2.2018 ਤੱਕ ਪੂਰਾ ਹੋ ਜਾਵੇਗਾ।

-----

## ਰਈਆ ਤੋਂ ਬਟਾਲਾ ਸੜਕ ਨੂੰ ਚਹੁੰ ਮਾਰਗੀ ਕਰਨਾ

***686.(ਸੀ.ਯੂ.) ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਈਆ ਤੋਂ ਬਟਾਲਾ ਸੜਕ ਤੇ ਆਵਾਜਾਈ ਦੇ ਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ, ਜੀ ਨਹੀਂ, ਰਈਆ ਤੋਂ ਬਟਾਲਾ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

-----

## ਹੈਲਥ ਸੈਂਟਰ ਜ਼ੋਧਪੁਰ ਪਾਖਰ ਅਤੇ ਸਿਵਲ ਹਸਪਤਾਲ ਮੌੜ ਵਿਖੇ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਤੇ ਨਿਯੁਕਤੀ

***692.(ਸੀ.ਯੂ.) ਸਰਦਾਰ ਜਗਦੇਵ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹੈਲਥ ਸੈਂਟਰ, ਜ਼ੋਧਪੁਰ ਪਾਖਰ ਅਤੇ ਸਿਵਲ ਹਸਪਤਾਲ ਮੌੜ ਵਿਖੇ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਕੀ ਇਹ ਠੀਕ ਹੈ ਕਿ ਇਸ ਸਮੇਂ ਇਨ੍ਹਾਂ ਹਸਪਤਾਲਾਂ ਵਿਚ ਕੋਈ ਵੀ ਡਾਕਟਰ ਨਿਯੁਕਤ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਥੇ ਡਾਕਟਰਾਂ ਦੀ ਨਿਯੁਕਤੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

(ਅ) ਕੀ ਇਹ ਵੀ ਠੀਕ ਹੈ ਕਿ ਸਿਵਲ ਹਸਪਤਾਲ ਮੌੜ ਵਿੱਚ ਪਿਛਲੇ ਤੀਹ ਸਾਲਾਂ ਤੋਂ ਉਪਲਬਧ ਪੋਸਟ ਮਾਰਟਮ ਦੀ ਸੁਵਿਧਾ ਦੋ ਸਾਲਾਂ ਤੋਂ ਬੰਦ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਸੁਵਿਧਾ ਕਦੋਂ ਤੱਕ ਦੁਬਾਰਾ ਚਾਲੂ ਕਰ ਦਿੱਤੀ ਜਾਵੇਗੀ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, (ੳ) ਪ੍ਰਾਇਮਰੀ ਹੈਲਥ ਸੈਂਟਰ, ਜ਼ੋਧਪੁਰ ਵਿਚ ਮੈਡੀਕਲ ਅਫਸਰ ਦੀ 1 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ। ਕਮਿਊਨਿਟੀ ਹੈਲਥ ਸੈਂਟਰ, ਮੌੜ ਵਿੱਚ ਸੀਨੀਅਰ ਮੈਡੀਕਲ ਅਫਸਰ ਦੀ 1 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ। ਮੈਡੀਕਲ ਅਫਸਰਾਂ ਦੀਆਂ ਕੁੱਲ 5 ਅਸਾਮੀਆਂ ਮਨਜ਼ੂਰਸ਼ੁਦਾ ਹਨ ਜੋ ਕਿ ਖਾਲੀ ਹਨ। ਮੈਡੀਕਲ ਅਫਸਰ (ਜਨਰਲ) ਦੀਆਂ 306 ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਪੰਜਾਬ ਪਬਲਿਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਵਿਗਿਆਪਨ ਦੇ ਦਿੱਤਾ ਗਿਆ ਹੈ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਜਲਦ ਪੂਰੀ ਕਰ ਲਈ ਜਾਵੇਗੀ।

(ਅ) ਸਿਵਲ ਹਸਪਤਾਲ, ਮੌੜ ਵਿਖੇ ਮੈਡੀਕਲ ਅਫਸਰ ਦੀਆਂ ਅਸਾਮੀਆਂ ਖਾਲੀ ਹੋਣ ਕਰਕੇ ਪੋਸਟ ਮਾਰਟਮ ਦੀ ਸੁਵਿਧਾ ਫਿਲਹਾਲ ਬੰਦ ਕੀਤੀ ਗਈ ਹੈ। ਇਹ ਹਸਪਤਾਲ ਸਰਕਾਰ ਵਲੋਂ ਮਨਜ਼ੂਰ ਕੀਤੇ ਗਏ 100 ਹਸਪਤਾਲਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਹੈ। ਸਰਕਾਰ ਵੱਲੋਂ ਸਬ–ਡਵੀਜ਼ਨ ਹਸਪਤਾਲ, ਤਲਵੰਡੀ ਸਾਬੋ ਜੋ ਕਿ 100 ਹਸਪਤਾਲਾਂ ਦੀ ਸੂਚੀ ਵਿਚ ਹੈ, ਵਿਖੇ ਪੋਸਟ ਮਾਰਟਮ ਦੀ ਸੁਵਿਧਾ ਦਿੱਤੀ ਗਈ ਹੈ ਜੋ ਕਿ ਮੌੜ ਮੰਡੀ ਤੋਂ ਸਿਰਫ 20 ਕਿਲੋਮੀਟਰ ਦੀ ਦੂਰੀ ਤੇ ਹੈ। ਮੈਡੀਕਲ ਅਫਸਰ (ਜਨਰਲ) ਦੀਆਂ 306 ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਪੰਜਾਬ ਪਬਲਿਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਵਿਗਿਆਪਨ ਦੇ ਦਿੱਤਾ ਗਿਆ ਹੈ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਜਲਦ ਪੂਰੀ ਕਰ ਲਈ ਜਾਵੇਗੀ।

––––

## ਨਰਮਾ ਖਰਾਬੀ ਲਈ ਮੁਆਵਜ਼ਾ ਦੇਣਾ

***693.(ਸੀ.ਯੂ.) ਸਰਦਾਰ ਜਗਦੇਵ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪਿਛਲੇ ਸਾਲ ਨਰਮੇ ਖਰਾਬੀ ਦਾ ਮੁਆਵਜ਼ਾ ਹਲਕਾ ਮੌੜ ਵਿੱਚ ਕਿੰਨੇ ਕਿਸਾਨਾਂ ਨੂੰ ਦਿੱਤਾ ਗਿਆ ਅਤੇ ਕਿੰਨੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲਿਆ;

(ਅ) ਜਿਨ੍ਹਾਂ ਮੁਲਾਜ਼ਮਾਂ (ਅਧਿਕਾਰੀਆਂ) ਨੇ ਗਲਤ ਮੁਆਵਜ਼ਾ ਦਿੱਤਾ ਉਨ੍ਹਾਂ ਨੂੰ ਕੀ ਸਜ਼ਾ ਦਿੱਤੀ ਗਈ ਹੈ?

**ਮਾਲ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** (ੳ) ਸਾਲ 2015 ਦੌਰਾਨ ਹਲਕਾ ਮੌੜ ਵਿਚ ਨਰਮੇ ਦੇ ਖਰਾਬੇ ਦਾ 46902 ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਗਿਆ।

(ਅ) ਹਲਕਾ ਮੌੜ ਵਿਚ ਕਿਸੇ ਵੀ ਅਧਿਕਾਰੀ/ਮੁਲਾਜ਼ਮ ਵਲੋਂ ਗਲਤ ਮੁਆਵਜ਼ਾ ਨਹੀਂ ਦਿੱਤਾ ਗਿਆ।

-----

## ਹਲਕਾ ਮੌੜ ਦੇ ਪਿੰਡਾਂ ਵਿੱਚ ਬੱਸ ਸੇਵਾ ਮੁਹੱਈਆ ਕਰਵਾਉਣਾ

***694.(ਸੀ.ਯੂ.) ਸਰਦਾਰ ਜਗਦੇਵ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮੌੜ ਦੇ ਪਿੰਡ ਜਿਉਂਦਾ ਅਤੇ ਚੋਟੀਆਂ ਵਿੱਚ ਕੋਈ ਵੀ ਪ੍ਰਾਈਵੇਟ ਜਾਂ ਸਰਕਾਰੀ ਬੱਸ ਸੇਵਾ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਉਕਤ ਪਿੰਡਾਂ ਨੂੰ ਕਦੋਂ ਤੱਕ ਬੱਸ ਸੇਵਾ ਮੁਹੱਈਆ ਕਰਵਾਈ ਜਾਵੇਗੀ?

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਪਿੰਡ ਜਿਉਂਦਾ ਤੋਂ ਇੱਕ ਪ੍ਰਾਈਵੇਟ ਬੱਸ 8.15, 12.50 ਤੇ 14.50 ਤੇ ਚਲਦੀ ਹੈ ਪਰੰਤੂ ਪਿੰਡ ਚੋਟੀਆਂ ਤੇ ਕੋਈ ਵੀ ਬੱਸ ਸਰਵਿਸ ਨਹੀਂ ਚਲ ਰਹੀ।

ਸਰਕਾਰ ਦੁਆਰਾ ਇਸ ਦੀ ਨਵੀਂ ਟਰਾਂਸਪੋਰਟ ਸਕੀਮ 22.2.2018 ਬਣਾਈ ਗਈ ਹੈ। ਟਰਾਂਸਪੋਰਟ ਸਕੀਮ ਅਨੁਸਾਰ ਮਾਨਸਾ-ਰਾਮਪੁਰਾ ਅਤੇ ਬਠਿੰਡਾ-ਤਪਾ ਰੂਟ ਤੇ ਪਰਮਿਟ ਜਾਰੀ ਕਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ ਜੋ ਕਿ ਪਿੰਡ ਜਿਉਂਦਾ ਅਤੇ ਚੋਟੀਆਂ ਨੂੰ ਕਵਰ ਕਰਨਗੇ ਅਤੇ ਇਨ੍ਹਾਂ ਪਿੰਡਾਂ ਨੂੰ ਬੱਸ ਸਰਵਿਸ ਮੁਹੱਈਆ ਕਰਵਾਉਣ ਲਈ ਕਾਰਜ ਪ੍ਰਗਤੀ ਅਧੀਨ ਹੈ।

-----

## ਸੀਨੀਅਰ ਸੈਕੰਡਰੀ ਸਕੂਲ ਪਿੰਡ ਕਮਾਲੂ ਸਵੈਚ, ਤਹਿਸੀਲ ਮੌੜ ਵਿਖੇ ਲੈਕਚਰਾਰਾਂ ਦੀ ਭਰਤੀ ਕਰਨਾ

***695.(ਸੀ.ਯੂ.) ਸਰਦਾਰ ਜਗਦੇਵ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਮਾਲੂ ਸਵੈਚ, ਤਹਿਸੀਲ ਮੌੜ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੋਈ ਵੀ ਲੈਕਚਰਾਰ ਨਹੀਂ ਹੈ ਜਦੋਂ ਕਿ ਉਥੇ 5 ਮਨਜ਼ੂਰਸ਼ੁਦਾ ਅਸਾਮੀਆਂ ਹਨ; ਜੇਕਰ ਅਜਿਹਾ ਹੈ ਤਾਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਲਿਆ ਜਾਵੇਗਾ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਹਾਂ ਜੀ। ਸਿੱਖਿਆ ਵਿਭਾਗ ਵਲੋਂ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਤਰੱਕੀਆਂ ਕਰਨ ਲਈ ਮਾਸਟਰ ਕਾਡਰ ਦੀ ਸਾਂਝੀ ਸੀਨੀਆਰਤਾ (ਮੇਲ ਅਤੇ ਫੀਮੇਲ) ਤਿਆਰ ਕੀਤੀ ਗਈ ਸੀ ਪਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 3491 ਆਫ 2018 ਵਿੱਚ ਮਿਤੀ 15.2.2018 ਨੂੰ ਅੰਤਰਿਮ ਹੁਕਮ ਜਾਰੀ ਕਰਦੇ ਹੋਏ ਸਾਂਝੀ ਸੀਨੀਆਰਤਾ ਸੂਚੀ ਤੇ ਅਗਲੇ ਹੁਕਮਾਂ ਤੱਕ ਸਟੇਅ ਲਗਾ ਦਿੱਤੀ ਗਈ ਹੈ ਜਿਸ ਕਾਰਨ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਦਾ ਕੰਮ ਹਾਲ ਦੀ ਘੜੀ ਰੁਕ ਗਿਆ ਹੈ।

----

## ਫਰੀਡਮ ਫਾਈਟਰ ਰੀਹੈਬਲੀਟੇਸ਼ਨ ਐਕਟ ਲਾਗੂ ਕਰਨਾ

***698.(ਸੀ.ਯੂ.) ਸਰਦਾਰ ਹਰਪਾਲ ਸਿੰਘ ਚੀਮਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਪੰਜਾਬ ਰਾਜ ਅੰਦਰ ਫਰੀਡਮ ਫਾਈਟਰ ਰੀਹੈਬਲੀਟੇਸ਼ਨ ਐਕਟ ਲਾਗੂ ਹੈ; ਜੇਕਰ ਲਾਗੂ ਹੈ ਤਾਂ ਕੀ ਇਹ ਸਹੂਲਤਾਂ ਫਰੀਡਮ ਫਾਈਟਰਜ਼ ਫੈਮਿਲੀਜ਼ ਨੂੰ ਮਿਲਦੀਆਂ ਹਨ;

(ਅ) ਇਹ ਸਾਰੀਆਂ ਸਹੂਲਤਾਂ ਕਿਸ ਪੀੜੀ ਤੱਕ ਲਾਗੂ ਰਹਿੰਦੀਆਂ ਹਨ;

(ੲ) ਅਜ਼ਾਦੀ ਘੁਲਾਟੀਏ ਪਰਿਵਾਰਾਂ ਨੂੰ 300 ਯੂਨਿਟ ਬਿਜਲੀ ਮੁਆਫੀ ਕਦੋਂ ਤੋਂ ਲਾਗੂ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

(ੲ) ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਨੂੰ 300 ਯੂਨਿਟ ਬਿਜਲੀ ਮੁਆਫੀ ਦੀ ਸਹੂਲਤ ਮਿਤੀ 8.11.2017 ਤੋਂ ਲਾਗੂ ਹੈ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 699 (ਸੀ.ਯੂ.)****

------

## ਪਿੰਡ ਕਾਲੇਕੇ ਜ਼ਿਲ੍ਹਾ ਬਰਨਾਲਾ ਵਿਚ ਆਦਰਸ਼ ਸਕੂਲ ਨੂੰ ਜਾਂਦੇ ਕੱਚੇ ਰਸਤੇ ਨੂੰ ਪੱਕਾ ਕਰਨਾ

***703.(ਸੀ.ਯੂ.) ਸਰਦਾਰ ਪਿਰਮਲ ਸਿੰਘ ਧੌਲਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਾਲੇਕੇ, ਜ਼ਿਲ੍ਹਾ ਬਰਨਾਲਾ ਵਿੱਚ ਆਦਰਸ਼ ਸਕੂਲ ਨੂੰ ਜਾਂਦਾ ਰਸਤਾ ਕੱਚਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਪਰੋਕਤ ਰਸਤੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ। (ੳ) ਹਾਂ ਜੀ।

(ਅ) ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 704 (ਸੀ.ਯੂ.)*****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 705 (ਸੀ.ਯੂ.)******

------

## ਸਿਲਾਈ ਅਤੇ ਕਢਾਈ ਅਧਿਆਪਕਾਂ ਦੀ ਭਰਤੀ ਕਰਨਾ

***706.(ਸੀ.ਯੂ.) ਸਰਦਾਰ ਪਿਰਮਲ ਸਿੰਘ ਧੌਲਾ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਿਲਾਈ ਅਤੇ ਕਢਾਈ ਅਧਿਆਪਕਾਂ ਦੀ ਭਰਤੀ ਕਿਸ ਸਾਲ ਵਿੱਚ ਕੀਤੀ ਗਈ ਸੀ;

(ਅ) ਸਿਲਾਈ ਅਤੇ ਕਢਾਈ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰਨ ਦੀ ਸਰਕਾਰ ਦੀ ਤਜਵੀਜ਼ ਹੈ?

---

** ਫਾਈਨਲ ਪ੍ਰਿਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

*** ਫਾਈਨਲ ਪ੍ਰਿਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

**** ਫਾਈਨਲ ਪ੍ਰਿਟਿੰਗ ਤੱਕ ਉੱਤਰ ਪ੍ਰਾਪਤ ਨਹੀਂ ਹੋਇਆ।

**ਸਰਦਾਰ ਚਰਨਜੀਤ ਸਿੰਘ ਚੰਨੀ:** (ੳ) ਇਸ ਸੰਬਧੀ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਸਿਲਾਈ ਅਤੇ ਕਢਾਈ ਇੰਸਟ੍ਰਕਸ਼ਨਾਂ ਦੀਆਂ 59 ਅਸਾਮੀਆਂ ਦੀ ਭਰਤੀ ਸਬੰਧੀ ਵਿਗਿਆਪਨ ਸਾਲ 2013 ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ ਸੀ ਅਤੇ ਇਨ੍ਹਾਂ 59 ਅਸਾਮੀਆਂ ਵਿਰੁੱਧ ਸਾਲ 2015 ਵਿੱਚ 57 ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

(ਅ) ਵਿਭਾਗ ਵੱਲੋਂ ਦਸੰਬਰ, 2016 ਵਿਚ ਕਰਾਫਟ ਇੰਸਟ੍ਰਕਸ਼ਨਾਂ ਦੀਆਂ ਅਸਾਮੀਆਂ ਸਬੰਧੀ ਭਰਤੀ ਦੀ ਪ੍ਰਕਿਰਿਆ ਅਰੰਭੀ ਗਈ ਜਿਸ ਵਿਚ ਸਿਲਾਈ ਅਤੇ ਕਢਾਈ ਇੰਸਟ੍ਰਕਟਰਾਂ ਦੀਆਂ ਅਸਾਮੀਆਂ ਵੀ ਸ਼ਾਮਲ ਹਨ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 5527 ਆਫ 2017-ਬਲਜੀਤ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਇਸ ਭਰਤੀ ਪ੍ਰਕਿਰਿਆ ਤੇ ਰੋਕ ਲਗਾਈ ਗਈ ਹੈ। ਇਸ ਕੇਸ ਦੀ ਅਗਲੀ ਪੇਸ਼ੀ ਦੀ ਮਿਤੀ 28.11.2017 ਨਿਸ਼ਚਿਤ ਕੀਤੀ ਗਈ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਉਪਰੋਕਤ ਕੇਸ ਵਿਚ ਸਟੇਅ ਵਕੇਟ ਹੋਣ ਉਪਰੰਤ ਵਿਭਾਗ ਵਲੋਂ ਭਰਤੀ ਪ੍ਰਕਿਰਿਆ ਅਰੰਭ ਲਈ ਜਾਵੇਗੀ।

-----

## ਜ਼ਮਾਨਤ ਲਈ ਕਾਨੂੰਨ ਵਿਚ ਸੋਧ ਕਰਨਾ

***707.(ਸੀ.ਯੂ) ਸਰਦਾਰ ਤਰਸੇਮ ਸਿੰਘ ਡੀ.ਸੀ.:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਮਾਨਤਯੋਗ ਅਪਰਾਧ ਵਿੱਚ ਜਮਾਨਤ ਲਈ ਇਹ ਸ਼ਰਤ ਹੈ ਕਿ ਜਾਂ ਤਾਂ ਅਪਰਾਧੀ ਜ਼ਮੀਨ ਦੇ ਖਸਰਾ ਨੰ: ਦੇਵੇਗਾ ਜਾਂ 50,000 ਰੁਪਏ ਦਾ ਬਾਂਡ ਭਰੇਗਾ ਪਰ ਗਰੀਬ ਤੇ ਬੇਜ਼ਮੀਨੇ ਲੋਕ ਨੰਬਰ ਨਹੀਂ ਦੇ ਸਕਦੇ ਅਤੇ 50,000 ਰੁਪਿਆਂ ਦਾ ਬਾਂਡ ਭਰਨ ਲਈ ਉਨ੍ਹਾਂ ਨੂੰ ਕਈ ਲੋਕਾਂ ਕੋਲ ਹੱਥ ਜ਼ੋੜ ਕੇ ਜ਼ਮਾਨਤ ਕਰਵਾਉਣੀ ਪੈਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਸਬੰਧਤ ਕਾਨੂੰਨ ਵਿਚ ਸੋਧ ਕਰਨ ਲਈ ਵਿਚਾਰ ਕਰੇਗੀ?

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ। ਜ਼ਮਾਨਤ ਯੋਗ ਜੁਰਮ ਦੇ ਸਬੰਧ ਵਿਚ ਸੀ.ਆਰ.ਪੀ.ਸੀ.ਦੀ ਧਾਰਾ 436(1) ਵਿੱਚ ਇਹ ਵਿਵਸਥਾ ਹੈ ਕਿ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਜੇਕਰ ਜਮਾਨਤ ਯੋਗ ਜੁਰਮ ਦਾ ਦੋਸ਼ੀ ਹੈ ਅਤੇ ਉਹ ਗਰੀਬ ਹੋਣ ਕਾਰਨ ਜ਼ਮਾਨਤ ਲਈ ਗਰੰਟੀ ਨਹੀਂ ਦੇ ਸਕਦਾ, ਅਦਾਲਤ ਉਸ ਨੂੰ ਜ਼ਮਾਨਤ ਲਈ ਗਰੰਟੀ ਦੇਣ ਤੋਂ ਬਿਨਾਂ ਜਾਤੀ (Personal) ਬਾਂਡ ਦੇਣ ਤੇ ਰਿਹਾਅ ਕਰ ਸਕਦੀ ਹੈ।

-----

**APPENDIX**

**TO**

**ANNEXURE**

**PUNJAB VIDHAN SABHA**

**DEBATES**

*Wednesday, the 29th November, 2017*

*Vol.III-No.3*

---

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਬੰਗਾ ਹਲਕੇ ਵਿਚ ਏ.ਆਰ. ਦੀ ਪੋਸਟ ਕਰੀਏਟ ਕਰਨਾ

***564. (ਸੀ.ਯੂ.). ਡਾ.ਸੁਖਵਿੰਦਰ ਕੁਮਾਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੰਗਾ ਹਲਕੇ ਵਿੱਚ ਬਹੁਤ ਸਾਰੀਆਂ ਕੋਆਪ੍ਰੇਟਿਵ ਸੁਸਾਇਟੀਜ਼ ਹੋਣ ਦੇ ਮੱਦੇਨਜ਼ਰ ਕੀ ਇੱਥੇ ਏ.ਆਰ. ਦੀ ਪੋਸਟ ਕਰੀਏਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

---

### ਜ਼ਿਲ੍ਹਾ ਜਲੰਧਰ ਵਿੱਚ ਗਿੱਦੜ ਪਿੰਡੀ ਤੋਂ ਫ਼ਿਲੌਰ ਤੱਕ ਦਰਿਆ ਤੇ ਮਨਜੂਰਸ਼ਦਾ ਖੱਡਾਂ ਦੀ ਗਿਣਤੀ

***671. (ਸੀ.ਯੂ.). ਸਰਦਾਰ ਅਜੀਤ ਸਿੰਘ ਕੋਹਾੜ:** ਕੀ ਜਲ, ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਜੰਲਧਰ ਵਿੱਚ ਗਿੱਦੜ-ਪਿੰਡੀ ਤੋਂ ਫ਼ਿਲੌਰ ਤੱਕ ਦਰਿਆ ਤੇ ਮਨਜ਼ੂਰਸ਼ੁਦਾ ਖੱਡਾਂ ਦੀ ਗਿਣਤੀ ਕਿੰਨੀ ਹੈ;

ਅ) ਕੀ ਸਰਕਾਰ ਨੇ ਇਨ੍ਹਾਂ ਖੱਡਾਂ ਦੀ ਨਿਸ਼ਾਨਦੇਹੀ ਕੀਤੀ ਹੈ; ਜੇਕਰ ਅਜਿਹਾ ਨਹੀਂ ਤਾਂ ਕੀ ਇਨ੍ਹਾਂ ਖੱਡਾਂ ਦੀ ਨਿਸ਼ਾਨਦੇਹੀ ਕਰਕੇ ਪਿੱਲਰ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

**ਖਾਦਾ ਅਤੇ ਭੂ ਵਿਗਿਆਨ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** (ੳ) ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਜਲੰਧਰ ਵਿੱਚ ਗਿੱਦੜ ਪਿੰਡੀ ਤੋਂ ਫਿਲੌਰ ਤੱਕ ਸਤਲੁਜ ਦਰਿਆ ਤੇ 15 ਨੰਬਰ (ਦਾਨੇਵਾਲ, ਚੱਕ ਬੁਡਾਲਾ, ਵੇਹਰਾਂ, ਉਮਰੇਵਾਲ, ਛਾਉਲਾ, ਰਾਮੇਤਾਰਪੁਰ, ਥੰਮੂਵਾਲ, ਲਸਾੜਾ, ਰਾਏਪੁਰ ਅਰਾਈਆਂ, ਕੰਡਿਆਣਾ-1, ਕੰਡਿਆਣਾ-2, ਫਿਲੌਰ, ਮੰਗੇ ਵਾਲ, ਪਿੱਪਲੀ, ਕਾਇਮਵਾਲਾ) ਖੱਡਾਂ ਅਤੇ 3 ਨੰਬਰ (ਪੁਆਰੀ/ਲਸਾੜਾ, ਮੀਓਵਾਲ ਅਤੇ ਕੜਿਆ) ਡਿਸਿਲਟਿੰਗ ਸਾਈਟਾਂ ਮਨਜੂਰ ਕੀਤੀਆਂ ਗਈਆਂ ਹਨ।

ਅ) ਵਿਭਾਗ ਵੱਲੋਂ ਇਨ੍ਹਾਂ ਖੱਡਾਂ/ਡਿਸਿਲਟਿੰਗ ਸਾਇਟਾਂ ਤੇ ਪਿੱਲਰ ਲਗਾਏ ਹੋਏ ਹਨ।

---

## ਰੂਪਨਗਰ ਵਿੱਚ ਗੈਰ ਕਾਨੂੰਨੀ ਕੱਰਸ਼ਰਾਂ ਨੂੰ ਬੰਦ ਕਰਨਾ

***680 (ਸੀ.ਯੂ.). ਸਰਦਾਰ ਅਮਰਜੀਤ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਰੂਪਨਗਰ ਵਿੱਚ ਕੁਝ ਵਿਅਕਤੀਆਂ ਦੁਆਰਾ ਗੈਰ-ਕਾਨੂੰਨੀ ਤੋਰ ਕੇ ਕਰੱਸ਼ਰ ਚਲਾਏ ਰਹੇ ਹਨ:

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਇਨ੍ਹਾਂ ਗੈਰ-ਕਾਨੂੰਨੀ ਕਰੱਸ਼ਰਾਂ ਨੂੰ ਬੰਦ ਕਰਨ ਜਾਂ ਇਨ੍ਹਾਂ ਦੀ ਚੈਕਿੰਗ ਕਰਨ ਲਈ ਸਰਕਾਰ ਕੀ ਕਰਵਾਈ ਕਰ ਰਹੀ ਹੈ;

**ਜਲ ਸਜੋਤ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) :** (ੳ) ਜੀਹਾਂ, ਹਲਕਾ ਰੂਪਨਗਰ ਵਿਚ ਪਹਿਲਾਂ ਕੁਝ ਕਰੈਸ਼ਰ/ਸਕਰੀਨਿੰਗ ਪਲਾਂਟ ਗੈਰ ਕਾਨੂੰਨੀ ਤੌਰ ਤੇ ਚਲ ਰਹੇ ਸਨ।

(ਅ) ਵਿਭਾਗ ਵੱਲੋਂ ਇਨ੍ਹਾਂ ਵਿਰੁੱਧ ਕਾਰਵਾਈ ਕਰਦੇ ਹੋਏ ਸੀਲ ਕਰ ਦਿੱਤਾ ਗਿਆ ਹੈ ਅਤੇ ਹੂਲਾਂ/ਹਦਾਇਤਾਂ ਅਨੁਸਾਰ ਇਨ੍ਹਾਂ ਵਿਰੁੱਧ ਵੱਖ-ਵੱਖ ਪੁਲਿਸ ਥਾਨਿਆਂ ਵਿੱਚ ਐਫ.ਆਈ.ਆਰ. ਦਰਜ ਕੀਤੀਆਂ ਜਾ ਚੁੱਕੀਆਂ ਹਨ।

---

©2017

Published under the authority of the Punjab Vidhan Sabha and type-setting & printed by the Controller, Printing & Stationery, Punjab at the Government Press, S.A.S. Nagar.

PGP, Mohali / 10427 / 02-2021/Copies 230